
ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922
ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ



## ਬੈੱਡਫੋਰਡ ਵਿਖੇ ਜੂਨ 84 ਦੇ ਘੱਲੂਘਾਰੇ ਦੀ ਯਾਦ ਵਿੱਚ ਸਮਾਗਮ; ਕਿਤਾਬ "ਸਿੱਦਕੀ ਤੇ ਸੰਘਰਸ਼ੀ" ਰਿਲੀਜ਼

ਵਰਲਡ ਪੰਜਾਬੀ ਟਾਈਮਜ਼
ਰਸ਼ਪਿੰਦਰ ਕੌਰ ਗਿੱਲ

ਲੰਡਨ, 17 ਜੂਨ : ਗੁਰੂ ਨਾਨਕ ਗੁਰਦੁਆਰਾ ਬੈੱਡਫੋਰਡ ਵਿਖੇ ਜੂਨ 1984 ਨੂੰ ਸਿੱਖ ਤਵਾਰੀਖ ਵਿੱਚ ਵਾਪਰੇ ਤੀਜੇ ਖੂਨੀ ਘੱਲੂਘਾਰੇ ਦੀ ਯਾਦ ਵਿੱਚ 25 ਤਿਆਰ-ਬਰ-ਤਿਆਰ ਸਿੰਘਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਜਲਾਵਤਨੀ ਕੱਟ ਰਹੇ ਭਾਈ ਨਿਰੰਜਨ ਸਿੰਘ ਬਾਸੀ ਦੇ ਪਰਿਵਾਰ ਵੱਲੋਂ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਸ਼ਾਮਲ ਹੋਈਆਂ। ਉਪਰੰਤ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਲਿਖੀ ਅਤੇ ਬੀਬੀ ਰਸ਼ਪਿੰਦਰ ਕੌਰ ਗਿੱਲ ਵੱਲੋਂ ਸੰਪਾਦਤ ਕਿਤਾਬ "ਸਿੱਦਕੀ ਤੇ ਸੰਘਰਸ਼ੀ" ਨੂੰ ਰਿਲੀਜ਼ ਕੀਤਾ ਗਿਆ।



ਇਸ ਤੋਂ ਪਹਿਲਾਂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਆਪਣੇ ਹੱਡੀਂ ਹੰਢਾਏ ਅਤੇ ਅੱਖੀਂ ਦੇਖੇ ਖਾਲਿਸਤਾਨੀ ਸੰਘਰਸ਼ 'ਤੇ ਆਧਾਰਿਤ ਕਿਤਾਬ "ਸੰਘਰਸ਼ ਦਾ ਦੌਰ" ਲਿਖੀ ਸੀ। ਉਸ ਵਿੱਚ ਸੰਘਰਸ਼ ਅਤੇ ਸੰਘਰਸ਼ਸ਼ੀਲ ਸਿੰਘਾਂ ਬਾਰੇ ਬਹੁਤ ਸਾਰੇ ਭਰਮ-ਭੁਲੇਖੇ ਦੂਰ ਕਰਦਿਆਂ ਪੁਲਿਸ ਕੈਟਾਂ ਅਤੇ ਜ਼ਾਲਮ ਪੁਲਸੀਆਂ ਨੂੰ ਬੇਨਕਾਬ ਕੀਤਾ ਗਿਆ ਸੀ।

ਦੂਜੇ ਪਾਸੇ, ਨਵੀਂ ਕਿਤਾਬ "ਸਿੱਦਕੀ ਤੇ ਸੰਘਰਸ਼ੀ" ਵਿੱਚ ਉਨ੍ਹਾਂ ਕੁਝ ਬੀਬੀਆਂ ਨੂੰ 'ਸਿੱਦਕੀ' ਕਹਿ ਕੇ ਵਡਿਆਇਆ ਗਿਆ ਹੈ, ਜਿਨ੍ਹਾਂ ਨੇ ਆਪਣੇ ਸ਼ਹੀਦ ਹੋਏ ਸਿੰਘਾਂ ਦੇ ਨਾਮ ਸਹਾਰੇ ਆਪਣੀ ਸਾਰੀ ਜ਼ਿੰਦਗੀ ਪੰਥ ਨੂੰ ਸਮਰਪਿਤ ਕਰ ਦਿੱਤੀ। ਸਰਕਾਰਾਂ ਦੇ ਭਾਰੀ ਤਸ਼ੱਦਦ ਸਹਿਣ ਦੇ ਬਾਵਜੂਦ ਉਨ੍ਹਾਂ ਨੇ ਮਾਣ ਨਾਲ ਆਪਣਾ ਜੀਵਨ ਬਤੀਤ ਕੀਤਾ ਅਤੇ ਸ਼ਹੀਦ ਸਿੰਘਾਂ ਦੇ ਮਾਤਾ-ਪਿਤਾ ਜਾਂ ਬੱਚਿਆਂ ਦੀ ਦੇਖਭਾਲ ਕਰਨਾ ਆਪਣਾ ਪਰਮ-ਫ਼ਰਜ਼ ਸਮਝਿਆ।

ਇਸੇ ਤਰ੍ਹਾਂ, ਇਸ ਕਿਤਾਬ ਵਿੱਚ ਉਨ੍ਹਾਂ ਜੁਝਾਰੂ ਸਿੰਘਾਂ ਨੂੰ 'ਸੰਘਰਸ਼ੀ' ਦਰਸਾਇਆ ਗਿਆ ਹੈ, ਜੋ ਕਿਸੇ ਨਾ ਕਿਸੇ ਤਰ੍ਹਾਂ ਪੁਲਿਸ ਦੀ ਗੋਲੀ ਦੀ ਮਾਰ ਤੋਂ ਤਾਂ ਬਚ ਗਏ, ਪਰ ਉਨ੍ਹਾਂ ਨੇ ਆਪਣਾ ਬਾਕੀ ਸਾਰਾ ਜੀਵਨ ਵਿਦੇਸ਼ਾਂ ਵਿੱਚ ਜਲਾਵਤਨੀ ਕੱਟਦਿਆਂ ਕੌਮ ਲੇਖੇ ਲਾ ਦਿੱਤਾ। ਉਹ ਕਦੇ ਵੀ ਜ਼ਾਲਮ ਸਰਕਾਰਾਂ ਅੱਗੇ ਨਹੀਂ ਝੁਕੇ, ਨਾ ਹੀ ਉਨ੍ਹਾਂ ਦੀ ਈਨ ਮੰਨੀ ਅਤੇ ਆਪਣਾ ਸਿੱਖੀ ਸਿਦਕ ਆਖ਼ਰੀ ਸਾਹਾਂ ਤੱਕ ਨਿਭਾਉਣ ਲਈ ਵਚਨਬੱਧ ਰਹੇ।

## ਵਿਧਾਇਕ ਗਰੇਵਾਲ ਵੱਲੋਂ ਕਰੀਬ 1.30 ਕਰੋੜੀ ਸੀਵਰੇਜ, ਬਰਸਾਤੀ ਪਾਣੀ ਲਾਈਨਾ ਦੇ ਕੰਮਾਂ ਦਾ ਉਦਘਾਟਨ

### ਕਿਹਾ ! ਇਹਨਾਂ ਕੰਮਾਂ ਦੇ ਮੁਕੰਮਲ ਹੋਣ ਨਾਲ 32 ਅਤੇ 33 ਸੈਕਟਰ ਦੇ ਵਸਨੀਕਾਂ ਨੂੰ ਮਿਲੇਗੀ ਵੱਡੀ ਰਾਹਤ

### ਆਪ ਵੱਲੋਂ ਕਰਵਾਏ ਜਾ ਰਹੇ ਸੂਬੇ ਭਰ ਚ ਵਿਕਾਸ ਕਾਰਜਾਂ ਨੂੰ ਦੇਖਦੇ ਹੋਏ ਵਿਰੋਧੀ ਪਾਰਟੀਆਂ ਚ ਬੁਖਲਾਹਟ – ਗਰੇਵਾਲ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ: 17 ਜੂਨ : ਵਿਧਾਨ ਸਭਾ ਹਲਕਾ ਪੂਰਵੀ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਵੱਲੋਂ ਅੱਜ ਹਲਕੇ ਦੇ ਸੈਕਟਰ 32 ਅਤੇ 33 ਵਿਖੇ ਕਰੀਬ 1.30 ਕਰੋੜ ਦੀ ਲਾਗਤ ਨਾਲ ਹੋਣ ਜਾ ਰਹੇ ਸੀਵਰੇਜ ਅਤੇ ਬਰਸਾਤੀ ਪਾਣੀ ਦੀਆਂ ਲਾਈਨਾਂ ਦੀ ਸਫਾਈ ਦੇ ਕੰਮਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਤੇ ਇਲਾਕਾ ਵਾਸੀਆਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਨੇ ਕਿਹਾ ਕਿ ਸੂਬੇ ਤੇ ਰਾਜ ਕਰ ਚੁੱਕੀਆਂ ਸਾਬਕਾ ਸਰਕਾਰਾਂ ਦੇ ਨੁਮਾਇੰਦਿਆਂ ਨੇ ਪਿਛਲੇ 35 ਸਾਲਾਂ ਤੋਂ ਇਸ ਇਲਾਕੇ ਦੀ ਸਾਰ ਨਹੀਂ ਲਈ ਜਿਸ ਕਾਰਨ ਬਰਸਾਤਾਂ ਦੇ ਸਮੇਂ ਤੇ ਸੈਕਟਰ 32 ਅਤੇ 33 ਨੂੰ ਸੀਵਰੇਜ ਓਵਰਫਲੋ ਕਾਰਨ ਕਈ ਤਰਹਾਂ ਦੀਆਂ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂ ਰਿਹਾ ਸੀ। ਉਹਨਾਂ ਕਿਹਾ ਕਿ ਇਲਾਕਾ ਵਾਸੀਆਂ ਦੀ ਮੰਗ ਨੂੰ ਦੇਖਦੇ ਹੋਏ ਅੱਜ ਸੀਵਰੇਜ ਅਤੇ ਪਾਣੀ ਦੀਆਂ ਪਾਈਪਾਂ ਦੀ ਸਫਾਈ ਦੇ ਕੰਮਾਂ ਦਾ ਉਦਘਾਟਨ ਕੀਤਾ ਗਿਆ ਹੈ , ਇਹਨਾਂ ਕੰਮਾਂ ਤੇ ਕਰੀਬ 1.30 ਕਰੋੜ ਦੀ ਲਾਗਤ ਆਵੇਗੀ ਅਤੇ ਆਉਣ ਵਾਲੇ ਦਿਨਾਂ ਚ ਇਹਨਾਂ ਕੰਮਾਂ ਨੂੰ ਕੁਝ ਦਿਨਾਂ ਵਿੱਚ ਮੁਕੰਮਲ ਕਰ ਲਿਆ ਜਾਵੇਗਾ । ਵਿਧਾਇਕ ਗਰੇਵਾਲ ਨੇ ਕਿਹਾ ਕਿ ਇਹਨਾਂ ਕੰਮਾਂ ਦੇ ਮੁਕੰਮਲ ਹੋਣ ਨਾਲ ਇਲਾਕਾ ਵਾਸੀਆਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ। ਉਹਨਾਂ ਕਿਹਾ ਕਿ ਹਲਕਾ ਪੂਰਵੀ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਰਿਕਾਰਡ ਤੋੜ ਵਿਕਾਸ ਕਾਰਜ ਪਹਿਲਾਂ ਹੀ ਮੁਕੰਮਲ ਕਰ ਦਿੱਤੇ ਗਏ ਹਨ ਅਤੇ ਬਾਕੀ ਰਹਿੰਦੇ ਵਿਕਾਸ ਕਾਰਜਾਂ ਨੂੰ ਆਉਣ ਵਾਲੇ ਦਿਨਾਂ ਚ ਜਲਦ ਮੁਕੰਮਲ ਕਰ ਲਿਆ ਜਾਵੇਗਾ । ਵਿਧਾਇਕ ਗਰੇਵਾਲ ਨੇ ਕਿਹਾ ਕਿ ਗਲਾਡਾ ਦੇ ਅਧੀਨ ਆਉਂਦੇ ਇਹਨਾਂ ਇਲਾਕਿਆਂ ਚ ਆਉਣ ਵਾਲੇ ਦਿਨਾਂ ਚ ਕੁਝ ਹੋਰ ਨਵੇਂ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ ਜਾਵੇਗੀ । ਵਿਧਾਇਕ ਗਰੇਵਾਲ ਨੇ ਇਲਾਕਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਵਿਧਾਨ ਸਭਾ ਚੋਣਾਂ ਦਾ ਸਮਾਂ ਹੁਣ ਨਜ਼ਦੀਕ ਆ ਰਿਹਾ ਹੈ ਅਤੇ ਹੁਣ ਕੁਝ ਪਾਰਟੀਆਂ ਦੇ ਬਰਸਾਤੀ ਡੱਡੂ ਤੁਹਾਡੇ ਕੋਲ ਗੁਮਰਾਹ ਕਰਨ ਲਈ ਜਰੂਰ ਆਉਣਗੇ ਤੁਸੀਂ ਉਹਨਾਂ ਕੋਲੋਂ ਸਿਰਫ ਇੱਕ ਸਵਾਲ ਜਰੂਰ ਪੁੱਛਣਾ ਕੀ ਤੁਹਾਨੂੰ ਪਹਿਲਾਂ ਬਹੁਤ ਸਮਾਂ ਮੌਕਾ ਦਿੱਤਾ ਪਰ ਤੁਸੀਂ ਇਹਨਾਂ ਇਲਾਕਿਆਂ ਲਈ ਕੀ ਕੀਤਾ ਉਸ ਬਾਰੇ ਸਾਨੂੰ ਜਰੂਰ ਜਾਣੂ ਕਰਵਾਓ ਅਸੀਂ ਅਗਲੀ ਗੱਲ ਫੇਰ ਤੁਹਾਡੇ ਨਾਲ ਕਰਾਂਗੇ । ਵਿਧਾਇਕ ਗਰੇਵਾਲ ਨੇ ਕਿਹਾ ਕਿ ਤੁਹਾਡਾ ਹੱਕ ਹੈ ਸਵਾਲ ਪੁੱਛਣਾ ਪਰ ਉਹਨਾਂ ਕੋਲ ਕੋਈ ਜਵਾਬ ਨਹੀਂ ਹੋਵੇਗਾ । ਉਹਨਾਂ ਕਿਹਾ ਕਿ ਦੂਜੇ ਪਾਸੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਚੋਣਾਂ ਸਮੇਂ ਸੂਬਾ ਵਾਸੀਆਂ ਨੂੰ ਜੋ ਵੀ ਗਰੰਟੀਆਂ ਦਿੱਤੀਆਂ ਉਹਨਾਂ ਗਰੰਟੀਆਂ ਨੂੰ ਪੂਰਾ ਕਰਕੇ ਦਿਖਾਇਆ ਜਿਸ ਕਾਰਨ ਵਿਰੋਧੀ ਪਾਰਟੀਆਂ ਕੋਲ ਹੁਣ ਕੋਈ ਜਵਾਬ ਨਹੀਂ ਸੂਬੇ ਦੀਆਂ ਵਿਰੋਧੀ ਪਾਰਟੀਆਂ ਹੁਣ ਆਪਸ ਵਿੱਚ ਇੱਕ ਦੂਸਰੇ ਨਾਲ ਹੀ ਉਲਝ ਰਹੀਆਂ ਹਨ । ਇਸ ਮੌਕੇ ਕੌਂਸਲਰ ਨਿਧੀ ਗੁਪਤਾ, ਅੰਕੁਰ ਗੁਲਾਟੀ ਕੌਂਸਲਰ ਲਵਲੀ ਮਨੋਚਾ , ਮਨਵੀਰ ਸੰਧੂ , ਦੀਦਾਰ ਪ੍ਰਧਾਨ ਮਹਾਵੀਰ ਕੁਮਾਰ , ਐਡਵੋਕੇਟ ਹਰਪ੍ਰੀਤ ਸਿੰਘ ਹਰਜੀਤ ਅਰੋੜਾ ਲਖਵਿੰਦਰ ਲੱਖਾ ਜਸਪ੍ਰੀਤ ਮਿੱਠੂ ਮਨਜੀਤ ਸਿੰਘ ਗੋਵਿੰਦ ਖੁਰਾਣਾ, ਗੁਰਦੀਪ ਸੈਣੀ ਤੋਂ ਇਲਾਵਾ ਵੱਡੀ ਗਿਣਤੀ ਚ ਇਲਾਕਾ ਵਾਸੀ ਹਾਜ਼ਰ ਸਨ।

## "ਕਿਸੇ ਕੰਮ ਨਾ ਸਿਆਣਪ ਘੇਟੀ"...ਦੇਵ ਥਰੀਕੇ ਵਾਲਾ

ਵਰਲਡ ਪੰਜਾਬੀ ਟਾਈਮਜ਼
ਡਾ. ਦਰਸ਼ਨ ਖੇੜੀ




ਕੱਲ ਸਾਬਕਾ ਪੁਲਿਸ ਅਧਿਕਾਰੀ ਬਲਜੀਤ ਸਿੱਧੂ ਤੇ ਵਿਰਕ ਬਾਈ ਹੁਰਾਂ ਦਾ ਪੌਡਕਾਸਟ ਦੇਖ ਰਿਹਾ ਸੀ। ਉਹਦੇ ਵਿੱਚ ਉਹ ਇੱਕ ਸੱਚੀ ਘਟਨਾ ਦਾ ਜਿਕਰ ਕਰਦੇ ਦੱਸਦੇ ਹਨ ਕਿ ਇੱਕ ਵਾਰ ਕਿਸੇ ਪਿੰਡ ਦਾ ਅੱਥਰਾ ਜਿਹਾ ਮਸ਼ੋਹਰ ਬੁਰੀ ਸੰਗਤ ਵਿੱਚ ਪੈ ਕੇ ਨਸ਼ੇ ਦਾ ਆਦੀ ਹੋ ਗਿਆ। ਜਦੋਂ ਉਸ ਦੇ ਘਰ ਵਾਲੇ ਉਸ ਨੂੰ ਸਮਝਾ ਬੁਝਾ ਕੇ ਹੰਭ ਹਾਰ ਗਏ ਤਾਂ ਕਿਸੇ ਨੇ ਉਹਨਾਂ ਨੂੰ ਲਾਗਲੇ ਡੇਰੇ ਵਾਲੇ ਸਿਆਣੇ ਦੀ ਦੱਸ ਪਾ ਦਿੱਤੀ, ਵੀ ਇਹ ਬਾਬਾ ਤਾਂ ਅੜੇ ਗੱਡੇ ਕੱਢਦਾ। ਇਸ ਲਈ ਤੁਸੀਂ ਇਸ ਬਾਬੇ ਦੇ ਚਰਨ ਅਪਣੇ ਘਰੇ ਪੁਆ ਕੇ ਮੁੰਡਾ ਉਹਨੂੰ ਦਿਖਾਓ । ਸਲਾਹੀਆਂ ਦੀ ਗੱਲ ਮੰਨ ਕੇ ਦੁਖੀ ਹੋਏ ਘਰਦਿਆਂ ਨੇ ਮੁੰਡੇ ਨੂੰ ਸਹੀ ਰਸਤੇ ਪਵਾਉਣ ਲਈ ਬਾਬੇ ਨੂੰ ਆਪਣੇ ਘਰ ਸੱਦ ਲਿਆਂਦਾ। ਬਾਬੇ ਦੇ ਚਰਨ ਪੈਣ ਤੋਂ ਪਹਿਲਾਂ ਹੀ ਵਿਗੜਿਆ ਚੋਬਰ ਘਰੇ ਹੀ ਆਪਣੇ ਤੂੜੀ ਆਲੇ ਕੋਠੇ 'ਚ ਸ਼ਰਾਬ ਕੱਢਣ ਜੁਟ ਗਿਆ। ਉਧਰੋਂ ਕਿਸੇ ਭੇਤੀ ਨੇ ਪੁਲਿਸ ਨੂੰ ਮੁਖਬਰੀ ਕਰਤੀ ਵੀ ਜੁਆਨ ਨੇ ਤਾਂ ਸਵੇਰ ਦੀ ਧੂਣੀ ਧੁਖਾ ਰੱਖੀ ਹੈ। ਛੇਤੀ ਆਜੋ ਜੇ ਸ਼ਿਕਾਰ ਫੜਣਾ। ਹੁਣੇ ਹੁਣੇ ਪਹੁੰਚਿਆ ਬਾਬਾ ਆਪਣੀ ਵਿਸ਼ੇਸ਼ ਬੋਲਚਾਲ ਦੇ ਸ਼ਬਦ ਜਾਲ ਰਾਹੀਂ ਘਰਦਿਆਂ 'ਤੇ ਹਾਲੇ ਆਪਣਾ ਪ੍ਰਭਾਵ ਪਾਉਣ ਹੀ ਲੱਗਿਆ ਸੀ ਕਿ ਪੁਲਿਸ ਦਨਦਨਾਉਂਦੀ ਅੰਦਰ ਆ ਵੜੀ। ਪੁਲਿਸ ਦੀ ਭਿਣਕ ਪੈਂਦੇ ਹੀ ਚੋਬਰ ਤਾਂ ਮਿੰਟਾਂ ਸਕਿੰਟਾਂ 'ਚ ਹੀ ਗੁਆਂਢੀਆਂ ਦੀ ਕੰਧ ਤੋਂ ਦੀ ਛਾਲ ਮਾਰ ਕੇ ਅੱਡੀਆਂ ਨੂੰ ਥੁੱਕ ਲਾ ਗਿਆ।

ਪੁਲਿਸ ਨੇ ਹੱਥ ਆਇਆ ਬਾਬਾ ਹੀ ਦਬੋਚ ਲਿਆ। "ਅਚਿੰਤੇ ਬਾਜ ਪਏ" ਬਾਬੇ ਨੂੰ ਜਦੋਂ ਥਾਣੇਦਾਰ ਨੇ ਪੁਲਸੀਆ ਦਬਕਾ ਮਾਰ ਕੇ ਚਲਦੀ ਭੱਠੀ ਬਾਰੇ ਪੁੱਛਿਆ, ਤਾਂ ਬਾਬਾ ਜੀ ਨਿੰਮੋਂ ਝੂਣੇ ਜਿਹੇ ਹੋਏ ਅੱਗੋਂ ਕਹਿੰਦੇ ਕਿ ਮੈਂ ਤਾਂ ਜੀ ਸਿਆਣਪ ਦਾ ਕੰਮ ਕਰਨ ਵਾਲਾ ਸਿਆਣਾਂ ਹਾਂ, ਭੱਠੀ ਆਲਾ ਤਾਂ ਵਹੁ ਵੀਟ ਗਿਆ। ਅੱਗੋਂ ਤਪਿਆ ਹੋਇਆ ਠਾਣੇਦਾਰ ਬਾਬੇ ਨੂੰ ਹੱਥਕੜੀ ਲਾਉਂਦਾ ਬੋਲਿਆ – ਬਾਬਾ ਜੀ, ਸਿਆਣਾ ਤਾਂ ਓਹ ਸੀ ਜਿਹੜਾ ਸਹੀ ਸਮੇਂ ਤੇ ਸਹੀ ਫੈਸਲਾ ਲੈ ਕੇ ਪੁਲਿਸ ਨੂੰ ਚਕਮਾ ਦੇ ਕੇ ਭੱਜ ਵੀ ਗਿਆ। ਮੂਰਖਾ ਤੂੰ ਕਿੱਥੋਂ ਦਾ ਸਿਆਣਾ ਹੋਇਆ। ਅੱਜ ਕੱਲ ਹਰ ਖੇਤਰ 'ਚ ਇਹੋ ਜਿਹੇ ਊਈਂ ਮਿੱਚੀ ਦੇ ਸਿਆਣੇ ਬਹੁਤ ਤੁਰੇ ਫਿਰਦੇ ਨੇ। ਬਚ ਕੇ ਜਰਾ....

## ਲੁਧਿਆਣਾ ਵਿੱਚ ਇਨਕਮ ਟੈਕਸ ਵਿਭਾਗ ਵੱਲੋਂ ਨਵੇਂ ਆਮਦਨ ਕਰ ਐਕਟ 2025 ਬਾਰੇ ਜਾਗਰੂਕਤਾ ਸਮਾਗਮ ਆਯੋਜਿਤ ਕੀਤਾ

### ਨਵੇਂ ਆਮਦਨ ਕਰ ਐਕਟ ਦੀ ਸਫਲਤਾ ਲਈ ਹਿੱਸੇਦਾਰਾਂ ਦੀ ਭੂਮਿਕਾ ਅਹਿਮ: ਸੁਰਿੰਦਰ ਕੌਰ ਵੜੈਚ

### ਟੈਕਸਦਾਤਾਵਾਂ ਲਈ ਸੁਖਾਲਾ ਬਣੇਗਾ ਨਵਾਂ ਆਮਦਨ ਕਰ ਐਕਟ 2025: ਭੁਪਿੰਦਰ ਸਿੰਘ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ, 17 ਜੂਨ:ਇਨਕਮ ਟੈਕਸ ਦੇ ਸੰਯੁਕਤ ਕਮਿਸ਼ਨਰ (ਟੀ.ਡੀ.ਐਸ), ਰੇਂਜ, ਲੁਧਿਆਣਾ ਦੇ ਟੀ.ਡੀ.ਐਸ ਦਫ਼ਤਰ ਨੇ ਗ੍ਰੈਂਡ ਵਾਕ ਮਾਲ, ਫਿਰੋਜ਼ਪੁਰ ਰੋਡ, ਲੁਧਿਆਣਾ ਵਿਖੇ 'ਪ੍ਰਾਰੰਭ 2026 ਨੀਤੀ ਸੁਧਾਰ ਅਤੇ ਮਿਸ਼ਨ ਵਿਕਾਸ ਭਾਰਤ ਲਈ ਜ਼ਿੰਮੇਵਾਰ ਕਾਰਵਾਈ' ਪਹਿਲਕਦਮੀ ਦੇ ਤਹਿਤ ਇੱਕ ਮੈਗਾ ਜਾਗਰੂਕਤਾ ਸਮਾਗਮ ਦਾ ਆਯੋਜਨ ਕੀਤਾ। ਇਸ ਸਮਾਗਮ ਦਾ ਉਦੇਸ਼ ਟੈਕਸਦਾਤਾਵਾਂ ਅਤੇ ਹਿੱਸੇਦਾਰਾਂ ਵਿੱਚ ਨਵੇਂ ਪੇਸ਼ ਕੀਤੇ ਗਏ ਆਮਦਨ ਕਰ ਐਕਟ, 2025 ਬਾਰੇ ਜਾਗਰੂਕਤਾ ਪੈਦਾ ਕਰਨਾ ਸੀ।






ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸ੍ਰੀਮਤੀ ਸੁਰਿੰਦਰ ਕੌਰ ਵੜੈਚ, ਐਡੀਸ਼ਨਲ ਕਮਿਸ਼ਨਰ ਆਫ ਇਨਕਮ ਟੈਕਸ (ਟੀ.ਡੀ.ਐਸ), ਚੰਡੀਗੜ੍ਹ ਨੇ ਇਹ ਯਕੀਨੀ ਬਣਾਉਣ ਵਿੱਚ ਹਿੱਸੇਦਾਰਾਂ ਦੀ ਸ਼ਮੂਲੀਅਤ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਕਿ ਨਵਾਂ ਐਕਟ ਪਹੁੰਚਯੋਗ, ਪ੍ਰਭਾਵਸ਼ਾਲੀ ਅਤੇ ਟੈਕਸਦਾਤਾਵਾਂ ਅਨੁਕੂਲ ਹੈ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਟੈਕਸਦਾਤਾਵਾਂ ਅਤੇ ਹੋਰ ਹਿੱਸੇਦਾਰਾਂ ਦੀ ਸਰਗਰਮ ਭਾਗੀਦਾਰੀ ਕਾਨੂੰਨ ਦੇ ਸਫਲਤਾਪੂਰਵਕ ਲਾਗੂ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ।

ਇਸ ਮੌਕੇ ਲੁਧਿਆਣਾ ਦੇ ਇਨਕਮ ਟੈਕਸ, ਰੇਂਜ (ਟੀ.ਡੀ.ਐਸ) ਦੇ ਸੰਯੁਕਤ ਕਮਿਸ਼ਨਰ ਸ੍ਰੀ ਭੁਪਿੰਦਰ ਸਿੰਘ ਨੇ ਕਿਹਾ ਕਿ ਨਵੇਂ ਐਕਟ ਨੂੰ ਸਰਲ ਅਤੇ ਸਪੱਸ਼ਟ ਭਾਸ਼ਾ ਵਿੱਚ ਤਿਆਰ ਕੀਤਾ ਗਿਆ ਹੈ ਤਾਂ ਜੋ ਹਿੱਸੇਦਾਰਾਂ ਨੂੰ ਸਮਝਣਾ, ਵਿਆਖਿਆ ਕਰਨਾ ਅਤੇ ਲਾਗੂ ਕਰਨਾ ਆਸਾਨ ਹੋ ਸਕੇ। ਉਨ੍ਹਾਂ ਕਿਹਾ ਕਿ ਸਰਲ ਬਣਾਇਆ ਗਿਆ ਢਾਂਚਾ ਟੈਕਸਦਾਤਾਵਾਂ ਲਈ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਨ, ਗੁੰਝਲਤਾ ਨੂੰ ਘਟਾਉਣ ਅਤੇ ਪਾਲਣਾ ਦੀ ਸੌਖ ਨੂੰ ਬਿਹਤਰ ਬਣਾਉਣ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਸਮਾਗਮ ਵਿੱਚ ਟੈਕਸ ਬਾਰ ਐਸੋਸੀਏਸ਼ਨ, ਜ਼ਿਲ੍ਹਾ ਟੈਕਸ ਬਾਰ ਐਸੋਸੀਏਸ਼ਨ ਦੇ ਅਹੁਦੇਦਾਰਾਂ, ਮੈਂਬਰਾਂ ਅਤੇ ਲੁਧਿਆਣਾ ਸਥਿਤ ਪ੍ਰਮੁੱਖ ਕਾਰਪੋਰੇਟ ਸਮੂਹਾਂ ਦੇ ਪ੍ਰਤੀਨਿਧੀਆਂ ਅਤੇ ਕਟੌਤੀਕਾਰਾਂ ਨੇ ਸ਼ਮੂਲੀਅਤ ਕੀਤੀ।

ਤਕਨੀਕੀ ਸੈਸ਼ਨ ਦੌਰਾਨ ਸ੍ਰੀ ਜਸ਼ਨਜੀਤ ਸਿੰਘ ਇਨਕਮ ਟੈਕਸ ਅਫਸਰ (ਟੀ.ਡੀ.ਐਸ), ਲੁਧਿਆਣਾ ਦੇ ਨਾਲ ਸ੍ਰੀ ਜੋਤੀ ਪ੍ਰਕਾਸ਼ ਇਨਕਮ ਟੈਕਸ ਅਫਸਰ (ਟੀ.ਡੀ.ਐਸ), ਜਲੰਧਰ ਅਤੇ ਸ੍ਰੀ ਵਿਕਾਸ, ਇਨਕਮ ਟੈਕਸ ਅਫਸਰ (ਟੀ.ਡੀ.ਐਸ), ਅੰਮ੍ਰਿਤਸਰ ਨੇ ਇਨਕਮ ਟੈਕਸ ਐਕਟ, 2025 ਦੇ ਵੱਖ-ਵੱਖ ਉਪਬੰਧਾਂ ਬਾਰੇ ਵਿਸਥਾਰ ਨਾਲ ਦੱਸਿਆ। ਚਰਚਾਵਾਂ ਖਾਸ ਤੌਰ 'ਤੇ ਟੈਕਸ ਡਿਡਕਟੇਡ ਐਟ ਸੋਰਸ (ਟੀ.ਡੀ.ਐਸ) ਅਤੇ ਟੈਕਸ ਕਲੈਕਟੇਡ ਐਟ ਸੋਰਸ (ਟੀ.ਸੀ.ਐਸ) ਨਾਲ ਸਬੰਧਤ ਉਪਬੰਧਾਂ 'ਤੇ ਕੇਂਦ੍ਰਿਤ ਸਨ, ਜਿਸ ਵਿੱਚ ਟੈਕਸਦਾਤਾਵਾਂ ਅਤੇ ਕਟੌਤੀਕਾਰਾਂ ਲਈ ਮੁੱਖ ਤਬਦੀਲੀਆਂ ਅਤੇ ਉਨ੍ਹਾਂ ਦੇ ਵਿਵਹਾਰਕ ਪ੍ਰਭਾਵ ਉਜਾਗਰ ਕੀਤੇ ਗਏ ਸਨ।

ਇਹ ਸਮਾਗਮ ਇੱਕ ਇੰਟਰਐਕਟਿਵ ਸੈਸ਼ਨ ਨਾਲ ਸਮਾਪਤ ਹੋਇਆ ਜਿਸ ਦੌਰਾਨ ਭਾਗੀਦਾਰਾਂ ਨੇ ਸਵਾਲ ਉਠਾਏ, ਫੀਡਬੈਕ ਸਾਂਝੇ ਕੀਤੇ ਅਤੇ ਨਵੇਂ ਐਕਟ ਨੂੰ ਲਾਗੂ ਕਰਨ ਬਾਰੇ ਸਪੱਸ਼ਟੀਕਰਨ ਪ੍ਰਾਪਤ ਕੀਤੇ।

## ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਨਵੀਂ ਕੱਸੀ 'ਚ ਪਾੜ ਪੈਣ ਦੀ ਜਾਂਚ ਦੇ ਹੁਕਮ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 17 ਜੂਨ : ਕੋਟਕਪੂਰਾ ਹਲਕੇ ਵਿੱਚ ਸਿੰਚਾਈ ਲਈ ਨਵੀਂ ਪੱਕੀ ਕੀਤੀ ਕੱਸੀ (ਰਜਬਾਹੇ) ਵਿੱਚ ਪਾੜ ਪੈਣ ਦੀਆਂ ਖਬਰਾਂ ਆਉਣ ਮਗਰੋਂ ਇਸ ਮਾਮਲੇ ਵਿੱਚ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਜਾਂਚ ਦੇ ਹੁਕਮ ਦਿੱਤੇ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸਿੰਚਾਈ ਵਿਭਾਗ ਦੇ ਸਾਰੇ ਅਧਿਕਾਰੀਆਂ ਨੂੰ ਨਾਲ ਲੈ ਕੇ ਪਿੰਡ ਠਾੜ੍ਹੇ ਵਿੱਚ ਪਾੜ ਵਾਲੀ ਜਗਾ ਦਾ ਮੁਆਇਨਾ ਕੀਤਾ ਅਤੇ ਇਸ ਦੇ ਟੁੱਟਣ ਸਬੰਧੀ ਕਾਰਨਾਂ ਦਾ ਜਾਇਜ਼ਾ ਲਿਆ। ਕੋਟਕਪੂਰਾ ਤੋਂ ਵੱਖ-ਵੱਖ ਪਿੰਡਾਂ ਵਿੱਚੋਂ ਲੰਘਦੀ ਇਸ ਕੱਸੀ ਦਾ 12 ਕਰੋੜ ਰੁਪਏ ਦੀ ਲਾਗਤ ਨਾਲ ਕੰਕਰੀਟੀਕਰਨ ਕੀਤਾ ਗਿਆ ਹੈ ਅਤੇ ਇਸ ਵਿੱਚ ਪਹਿਲਾਂ ਪਾਣੀ ਹੀ ਛੱਡਿਆ ਸੀ ਕਿ ਇਹ ਤਿੰਨ ਵਾਰ ਵੱਖ-ਵੱਖ ਥਾਵਾਂ ਤੋਂ ਟੁੱਟ ਗਈ। ਸਪੀਕਰ ਸੰਧਵਾਂ ਨੇ ਦੱਸਿਆ ਕਿ ਵਿਭਾਗ ਦੇ ਅਧਿਕਾਰੀਆਂ ਨੂੰ ਜਾਂਚ ਕਰਨ ਦੇ ਨਾਲ-ਨਾਲ ਇਹ ਵੀ ਹਦਾਇਤ ਕੀਤੀ ਹੈ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਅਤੇ ਪੁਖਤਾ ਪ੍ਰਬੰਧ ਕੀਤੇ ਜਾਣ ਕਿ ਇਹ ਹੁਣ ਦੁਬਾਰਾ ਨਾ ਟੁੱਟੇ। ਉਨ੍ਹਾਂ ਦੱਸਿਆ ਕਿ ਵਿਭਾਗ ਦੇ ਤਕਨੀਕੀ ਮਾਹਿਰਾਂ ਅਨੁਸਾਰ ਪੱਕੀ ਕੀਤੀ ਗਈ ਕਿਸੇ ਵੀ ਕੱਸੀ ਜਾਂ ਨਹਿਰ 'ਤੇ ਪਹਿਲੇ ਸੀਜ਼ਨ ਪੂਰਾ ਧਿਆਨ ਰੱਖਣਾ ਪੈਂਦਾ ਹੈ ਪਰ ਉਸ ਤੋਂ ਬਾਅਦ ਕੋਈ ਮੁਸ਼ਕਿਲ ਨਹੀਂ ਆਉਂਦੀ। ਉਨ੍ਹਾਂ ਦੱਸਿਆ ਕਿ ਪਹਿਲਾਂ ਹਰੇਕ ਸਾਲ ਇਹ ਕੱਸੀ ਬਾਹਮਣਵਾਲਾ ਪਿੰਡ ਕੋਲੋਂ ਟੁੱਟ ਜਾਂਦੀ ਸੀ ਅਤੇ ਸੈਂਕੜੇ ਏਕੜ ਸਬਜ਼ੀ ਦੀ ਫਸਲ ਤਬਾਹ ਕਰ ਦਿੰਦੀ ਸੀ, ਜਿਸ ਕਰਕੇ ਇਸ ਦੇ ਹਿੱਸੇਦਾਰਾਂ ਨੇ ਇਸ ਨੂੰ ਪੱਕਾ ਕਰਨ ਦੀ ਮੰਗ ਕੀਤੀ ਸੀ। ਉਨ੍ਹਾਂ ਦੱਸਿਆ ਕਿ ਇਸ ਵਾਰੀ ਵੈਸੇ ਵੀ ਪੰਜਾਬ ਦੀ ਸਰਕਾਰ ਨੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਨਹਿਰਾਂ ਵਿੱਚ ਪਾਣੀ ਪਿਛਲਿਆਂ ਸਾਲਾਂ ਨਾਲੋਂ ਜ਼ਿਆਦਾ ਛੱਡਿਆ ਹੋਇਆ ਹੈ।


## ਮੈਡੀਕਲ ਹਸਪਤਾਲ ਫਰੀਦਕੋਟ ਵਿਖੇ ਕੀਤੀ ਗਈ ਲੰਗਰ ਦੀ ਸੇਵਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 17 ਜੂਨ : ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਪਾਤਸ਼ਾਹ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲੰਗਰ ਦੀ ਸੇਵਾ ਕੀਤੀ ਗਈ। ਨੇੜਲੇ ਪਿੰਡ ਹਰੀਨੌਂ ਤੋਂ ਹਰ ਮਹੀਨੇ ਦੀ 14 ਤਰੀਕ ਨੂੰ ਗੁਰਦੁਆਰਾ ਸਾਹਿਬ ਮਾਤਾ ਖੀਵੀ ਜੀ ਚੈਰੀਟੇਬਲ ਟਰੱਸਟ ਫਰੀਦਕੋਟ ਵੱਲੋ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫਰੀਦਕੋਟ ਵਿਖੇ ਦਾਖਲ ਮਰੀਜਾਂ ਅਤੇ ਉਹਨਾਂ ਦੇ ਵਾਰਸਾਂ ਵਾਸਤੇ ਲੰਗਰ ਦੀ ਸੇਵਾ ਲਿਜਾਈ ਜਾਂਦੀ ਹੈ। ਪਿੰਡ ਹਰੀਨੌਂ ਵਿਖੇ ਹਰ ਮਹੀਨੇ ਵਾਰੀ ਅਨੁਸਾਰ ਪਰਿਵਾਰਾਂ ਵੱਲੋਂ ਲੰਗਰ ਦੀ ਸੇਵਾ ਕੀਤੀ ਜਾਂਦੀ ਹੈ। ਇਸ ਮਹੀਨੇ 14 ਜੂਨ ਨੂੰ ਸ਼ਹੀਦਾਂ ਦੇ ਸਰਤਾਜ ਗੁਰੂ ਅਰਜਨ ਪਾਤਸ਼ਾਹ ਜੀ ਦੇ ਸ਼ਹੀਦੀਂ ਦਿਹਾੜੇ ਨੂੰ ਸਮਰਪਿਤ ਭਾਈ ਪ੍ਰੀਤਮ ਸਿੰਘ ਦੇ ਸਪੁੱਤਰ ਭਾਈ ਜਗਸੀਰ ਸਿੰਘ ਜੱਗਾ, ਗੁਰਜੰਟ ਸਿੰਘ ਦੇ ਪਰਿਵਾਰ ਵੱਲੋਂ ਕੀਤੀ ਗਈ। ਮਾਤਾ ਬੀਬੀਆਂ ਅਤੇ ਸੇਵਾਦਾਰਾਂ ਵੱਲੋਂ ਬੜੀ ਸ਼ਰਧਾ ਭਾਵਨਾਂ ਨਾਲ ਲੰਗਰ ਤਿਆਰ ਕੀਤਾ ਗਿਆ ਅਤੇ ਗੁਰਦੁਆਰਾ ਮਾਤਾ ਖੀਵੀ ਜੀ ਚੈਰੀਟੇਬਲ ਟਰੱਸਟ ਦੇ ਸੇਵਾਦਾਰਾਂ ਰਾਹੀਂ ਫਰੀਦਕੋਟ ਵਿਖੇ ਲੰਗਰ ਪਹੁੰਚਾਇਆ ਗਿਆ। ਇਸ ਮੌਕੇ ਡਾ: ਗੁਰਮੀਤ ਸਿੰਘ ਧਾਲੀਵਾਲ, ਮਾ. ਗੇਜ ਰਾਮ ਭੌਰਾ, ਕੁਲਵੰਤ ਸਿੰਘ ਫੌਜੀ, ਗੁਰਨੈਬ ਸਿੰਘ ਗੈਬਾ ਬੀ.ਕੇ.ਯੂ. ਡਕੌਂਦਾ ਪ੍ਰਧਾਨ, ਜਗਸੀਰ ਸਿੰਘ, ਗੁਰਜੰਟ ਸਿੰਘ, ਹਰਪਿੰਦਰ ਸਿੰਘ ਮੀਟਰ, ਗੁਰਚਰਨ ਸਿੰਘ, ਰਾਜਵੀਰ ਸਿੰਘ ਅਤੇ ਸਮੂਹ ਸੰਗਤਾਂ ਆਦਿ ਵੀ ਹਾਜ਼ਰ ਸਨ।

# ਮੌਤ ਤੋਂ ਬਾਅਦ ਲਾਭਦਾਇਕ ਹੋਣਾ ਹੈ – ਤਾਂ ਦੇਹ ਦਾਨ ਕਰੋ






ਵਰਲਡ ਪੰਜਾਬੀ ਟਾਈਮਜ਼
ਕਲਪਨਾ ਪਾਂਡੇ

ਕੁਝ ਮਹੀਨੇ ਪਹਿਲਾਂ ਮੈਂ ਦੇਹ ਦਾਨ ਦਾ ਫੈਸਲਾ ਲਿਆ ਅਤੇ ਮੁੰਬਈ ਦੇ ਕੇਈਐਮ ਹਸਪਤਾਲ ਜਾ ਕੇ ਉਸ ਦੀ ਰਸਮੀ ਪ੍ਰਕਿਰਿਆ ਪੂਰੀ ਕੀਤੀ। ਸਮਾਜ ਵਿੱਚ ਮੌਤ ਸਬੰਧੀ ਅੰਧਵਿਸ਼ਵਾਸ, ਰੂੜ੍ਹੀਆਂ ਅਤੇ ਗਲਤ ਧਾਰਨਾਵਾਂ ਨੂੰ ਦੂਰ ਕਰਨ ਲਈ, ਮੌਤ ਤੋਂ ਬਾਅਦ ਸਰੀਰ ਡਾਕਟਰੀ ਸਿੱਖਿਆ ਅਤੇ ਖੋਜ ਲਈ ਲਾਭਦਾਇਕ ਹੋਵੇ, ਅਤੇ ਵਿਗਿਆਨ-ਅਧਾਰਿਤ, ਵਿਵੇਕਸ਼ੀਲ ਅਤੇ ਮਨੁੱਖਤਾਵਾਦੀ ਵਿਚਾਰਾਂ ਦਾ ਪ੍ਰਸਾਰ ਹੋਵੇ ਅਤੇ ਸਮਾਜ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਵਧੇ, ਇਹ ਇਸ ਫੈਸਲੇ ਪਿੱਛੇ ਦਾ ਮਕਸਦ ਸੀ। ਮੌਤ ਤੋਂ ਬਾਅਦ ਵੀ ਸਮਾਜ ਦੇ ਕੰਮ ਆਵਾਂ ਅਤੇ ਦੂਜਿਆਂ ਨੂੰ ਵੀ ਦੇਹ ਦਾਨ ਅਤੇ ਅੰਗ ਦਾਨ ਲਈ ਪ੍ਰੇਰਨਾ ਮਿਲੇ, ਇਸ ਭਾਵਨਾ ਨਾਲ ਮੈਂ ਦੇਹ ਦਾਨ ਕਰਨ ਦਾ ਫੈਸਲਾ ਲਿਆ। ਮੇਰੇ ਵਰਗੇ ਕਈ ਵਿਅਕਤੀ ਦੇਹ ਦਾਨ ਕਰਦੇ ਹਨ ਪਰ ਹਾਲ ਹੀ ਵਿੱਚ ਵਾਪਰੇ ਸੇਜਲ ਪਵਾਰ ਮਾਮਲੇ ਨੇ ਕੁਝ ਬੇਚੈਨ ਕਰਨ ਵਾਲੇ ਸਵਾਲ ਖੜ੍ਹੇ ਕਰ ਦਿੱਤੇ।

ਮੁੰਬਈ ਦੇ ਨਾਮੀ ਕੇਈਐਮ ਹਸਪਤਾਲ ਦੀ ਐਮਬੀਬੀਐਸ ਵਿਦਿਆਰਥਣ ਸੇਜਲ ਪਵਾਰ ਨੇ 'ਪ੍ਰਨੀਤ ਮੋਰੇ ਸ਼ੋਅ' ਨਾਮਕ ਸਟੈਂਡ-ਅੱਪ ਕਾਮੇਡੀ ਪ੍ਰੋਗਰਾਮ ਵਿੱਚ, ਸਰੀਰ ਦਾਨ ਕੀਤੀਆਂ ਗਈਆਂ ਲਾਸ਼ਾਂ ਬਾਰੇ — ਖਾਸ ਕਰਕੇ ਪੁਰਸ਼ ਲਾਸ਼ਾਂ ਦੇ ਜਣਨ ਅੰਗਾਂ ਦੇ ਆਕਾਰ 'ਤੇ — ਬਹੁਤ ਹੀ ਘਿਣਾਉਣੇ, ਅਸ਼ਲੀਲ ਅਤੇ ਅਸੰਵੇਦਨਸ਼ੀਲ ਚੁਟਕਲੇ ਕੀਤੇ। ਉਸ ਨੇ ਅਤੇ ਉਸ ਦੇ ਸਾਥੀਆਂ ਨੇ ਪੜ੍ਹਾਈ ਦੌਰਾਨ ਲਾਸ਼ਾਂ ਦੇ ਨਿੱਜੀ ਅੰਗਾਂ ਦਾ ਮਜ਼ਾਕ ਉਡਾਇਆ ਅਤੇ ਪ੍ਰਕਿਰਿਆ ਦੇ ਅੰਤ ਵਿੱਚ ਉਹ ਅੰਗ ਕੱਟ ਕੇ ਕੱਢਣ ਦੀ ਗੱਲ ਹੱਸਦੇ-ਹੱਸਦੇ ਕਹੀ। ਇਹ ਵੀਡੀਓ ਸੋਸ਼ਲ ਮੀਡੀਆ 'ਤੇ ਪਲਾਂ ਵਿੱਚ ਵਾਇਰਲ ਹੋ ਗਈ ਅਤੇ ਡਾਕਟਰੀ ਖੇਤਰ ਸਮੇਤ ਸੰਵੇਦਨਸ਼ੀਲ ਸਮਾਜਿਕ ਹਿੱਸਿਆਂ ਵਿੱਚ ਭਾਰੀ ਰੋਸ ਦੀ ਲਹਿਰ ਦੌੜ ਗਈ। ਉਸ ਤੋਂ ਪਹਿਲਾਂ ਦੀ ਇੱਕ ਵੀਡੀਓ ਵਿੱਚ ਉਹ ਕੇਈਐਮ ਹਸਪਤਾਲ ਨੂੰ 'ਚਿੰਧੀ' (ਚਿੱਥੜਾ), ਨਾਲ ਦੇ ਲੋਕਾਂ ਨੂੰ 'ਬਦਸੂਰਤ' ਅਤੇ ਅਧਿਆਪਕਾਂ ਨੂੰ 'ਜ਼ਹਿਰੀਲੇ' ਕਹਿੰਦੀ ਹੈ।

ਇਸ ਘਟਨਾ ਨੇ ਡਾਕਟਰੀ ਸਿੱਖਿਆ ਅਤੇ ਪੇਸ਼ੇ ਦੀ ਬੁਨਿਆਦੀ ਨੈਤਿਕਤਾ 'ਤੇ ਹੀ ਸੱਟ ਮਾਰੀ। ਜਿਸ ਦੇਹ ਨੂੰ 'ਗੁਰੂ' ਮੰਨਿਆ ਜਾਂਦਾ ਹੈ, ਜਿਸ ਪ੍ਰਤੀ ਕੈਡਾਵਰਿਕ ਸਹੁੰ (Cadaveric Oath) ਲੈ ਕੇ ਧੰਨਵਾਦ ਕੀਤਾ ਜਾਂਦਾ ਹੈ, ਉਸ ਦੇਹ ਦਾ ਇਸ ਤਰ੍ਹਾਂ ਜਨਤਕ ਮਜ਼ਾਕ ਉਡਾਉਣਾ ਸਿਰਫ ਅਸੰਵੇਦਨਸ਼ੀਲਤਾ ਨਹੀਂ, ਸਗੋਂ ਮਨੁੱਖਤਾ ਦੀ ਜੜ੍ਹ 'ਤੇ ਹਮਲਾ ਸੀ। ਡਾ. ਆਸ਼ਾ ਕਦਮ ਨੇ ਸਹੀ ਹੀ ਕਿਹਾ ਹੈ ਕਿ, ਉਨ੍ਹਾਂ ਦੇ ਜ਼ਮਾਨੇ ਵਿੱਚ ਡਿਸੈਕਸ਼ਨ ਹਾਲ ਵਿੱਚ ਫਾਰਮਲਿਨ ਦੀ ਤੇਜ਼ ਗੰਧ ਵਿੱਚ ਵੀ ਉਸ ਦੇਹ ਬਾਰੇ ਤਰਸ ਉਮੜਦਾ ਸੀ। ਉਹ ਕਹਿੰਦੇ ਹਨ, "ਵਿਦਿਆਰਥੀਆਂ ਨੂੰ ਸਿੱਖਣ ਨੂੰ ਮਿਲੇ ਇਸ ਲਈ ਕਿਸੇ ਨੇ ਦੇਹ ਦਾਨ ਕੀਤਾ ਹੋਵੇਗਾ, ਇਹ ਸਵਾਲ ਪੈਦਾ ਹੁੰਦਾ ਸੀ। ਉਸ ਦੇਹ 'ਤੇ ਅਮਾਨਵੀ ਵਿਚਾਰ ਕਰਨਾ ਤਾਂ ਦੂਰ, ਪਰ ਅਜਿਹਾ ਵਿਚਾਰ ਵੀ ਕਦੇ ਕਿਸੇ ਤੋਂ ਨਹੀਂ ਸੁਣਿਆ।" ਇਹ ਸੰਸਕਾਰਾਂ ਦਾ ਹਿੱਸਾ ਹੈ। ਜੋ ਸਮਾਜ 370 ਰੁਪਏ ਦੀ ਬਿਰਯਾਨੀ ਕੂੜੇ ਵਿੱਚੋਂ ਖਾਣ ਵਾਲੇ ਦੀ ਨੌਕਰੀ ਜਾਣ ਦਾ ਸਮਰਥਨ ਕਰਦਾ ਹੈ, ਉਹ ਸਮਾਜ ਇੱਕ ਮਹਿਲਾ ਡਾਕਟਰ ਦੁਆਰਾ ਲਾਸ਼ਾਂ 'ਤੇ ਕੱਢੇ ਅਸ਼ਲੀਲ ਟਿੱਪਣੀਆਂ ਵੱਲ ਸ਼ੁਰੂ ਵਿੱਚ ਅਣਡਿੱਠ ਕਿਵੇਂ ਕਰਦਾ ਹੈ? ਇਸ ਦੋਹਰੇਪਣ ਵੱਲ ਉਨ੍ਹਾਂ ਨੇ ਇਸ਼ਾਰਾ ਕੀਤਾ। ਕਈਆਂ ਨੇ ਸੋਸ਼ਲ ਮੀਡੀਆ 'ਤੇ ਤਿੱਖੀਆਂ ਪ੍ਰਤੀਕਿਰਿਆਵਾਂ ਦਿੱਤੀਆਂ ਕਿ, ਉਸ ਵਰਗੀ ਘਟੀਆ ਮਾਨਸਿਕਤਾ ਵਾਲੇ ਲੋਕਾਂ ਨੂੰ ਸਬਕ ਮਿਲਣਾ ਚਾਹੀਦਾ ਹੈ। ਅਤੇ ਜਿਸ ਸ਼ੋਅ ਵਿੱਚ ਇਹ ਚੱਲਿਆ, ਉਹ ਸ਼ੋਅ ਕਰਨ ਵਾਲੇ ਪ੍ਰਨੀਤ ਮੋਰੇ 'ਤੇ ਕਾਰਵਾਈ ਹੋਣੀ ਚਾਹੀਦੀ ਹੈ।

ਇਸ ਵਿਵਾਦ ਨੇ 'ਡਾਰਕ ਕਾਮੇਡੀ' ਅਤੇ 'ਪ੍ਰਗਟਾਵੇ ਦੀ ਆਜ਼ਾਦੀ' ਦੇ ਨਾਮ 'ਤੇ ਹੋ ਰਹੀ ਅਤਿਰੇਕਤਾ ਦੀ ਵੀ ਸਿਖਰ ਛੋਹ ਲਈ। ਕੇਰਲ ਦੀ ਦੰਦਾਂ ਦੀ ਡਾਕਟਰ ਡੈਫਨੀ ਕਲੇਅਰ ਨੇ ਆਪਣੀ ਸੋਸ਼ਲ ਮੀਡੀਆ ਪੋਸਟ ਵਿੱਚ ਇਸ ਮੁੱਦੇ ਦਾ ਬਹੁਤ ਕਰੜਾ ਵਿਸ਼ਲੇਸ਼ਣ ਕੀਤਾ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ, ਲਾਸ਼ ਦੇ ਨਿੱਜੀ ਅੰਗਾਂ 'ਤੇ ਹੱਸਣਾ 'ਡਾਰਕ ਕਾਮੇਡੀ' ਨਹੀਂ ਹੈ। 'ਡਾਰਕ ਕਾਮੇਡੀ' ਦਾ ਮੂਲ ਪੀੜਤਾਂ ਦੁਆਰਾ ਆਪਣੇ ਦੁੱਖ 'ਤੇ ਮਜ਼ਾਕ ਕਰਕੇ ਉਸ ਤੋਂ ਉਭਰਨ ਦੀ ਕੋਸ਼ਿਸ਼ ਤੋਂ ਹੋਇਆ। ਪਰ ਜੋ ਅਨੁਭਵ ਤੁਸੀਂ ਖੁਦ ਨਹੀਂ ਲਿਆ, ਉਸ ਦੂਜੇ ਦੇ ਸਰੀਰ ਜਾਂ ਅੰਗਾਂ ਦਾ ਮਜ਼ਾਕ ਉਡਾ ਕੇ ਉਸਨੂੰ 'ਡਾਰਕ ਕਾਮੇਡੀ' ਕਹਿਣ ਦਾ ਨੈਤਿਕ ਅਧਿਕਾਰ ਕਿਸੇ ਨੂੰ ਨਹੀਂ ਹੈ। ਇਹ ਮਨੁੱਖੀ ਮਾਣ ਦੀ ਉਲੰਘਣਾ ਹੈ। ਡਾ. ਕਲੇਅਰ ਨੇ ਅੱਗੇ ਇੱਕ ਗਹਿਰੀ ਸਮਾਜਿਕ ਅਸੰਗਤੀ ਨੂੰ ਰੇਖਾਂਕਿਤ ਕੀਤਾ। ਉਹ ਕਹਿੰਦੇ ਹਨ, "ਜਦੋਂ ਸੇਜਲ ਦੀ ਵੀਡੀਓ ਪਹਿਲੀ ਵਾਰ ਸਾਹਮਣੇ ਆਈ, ਤਾਂ ਮਰਦਾਂ ਨੇ ਹੀ ਉਸਨੂੰ ਫਾਲੋ ਕੀਤਾ, ਹੱਸੇ ਅਤੇ ਮਸ਼ਹੂਰੀ ਦਿਵਾਈ। ਉਨ੍ਹਾਂ ਨੇ ਉਸਦੇ ਫਾਲੋਅਰਜ਼ ਵਧਾਏ। ਪਰ ਜਦੋਂ 370 ਵਾਲੇ ਬਿਰਯਾਨੀ ਵਾਲੇ ਦਾ ਮਾਮਲਾ ਬਾਹਰ ਆਇਆ — ਜੋ ਇੱਕ ਔਰਤ 'ਤੇ ਜਿਨਸੀ ਅੱਤਿਆਚਾਰ ਦਾ ਗੁਣਗਾਨ ਸੀ — ਤਾਂ ਔਰਤਾਂ ਨੇ ਤੁਰੰਤ ਇਕੱਠੇ ਹੋ ਕੇ ਵਿਰੋਧ ਦੀ ਆਵਾਜ਼ ਉਠਾਈ। ਇਸ ਦਾ ਮਤਲਬ, ਮਰਦਾਂ ਦਾ ਅਪਮਾਨ ਹੋਵੇ ਤਾਂ ਔਰਤਾਂ ਅੱਗੇ ਆਉਂਦੀਆਂ ਹਨ, ਪਰ ਔਰਤਾਂ ਦਾ ਅਪਮਾਨ ਹੋਵੇ (ਜਾਂ ਪੁਰਸ਼ ਦੇਹ ਦਾਨੀਆਂ ਦਾ) ਤਾਂ ਮਰਦ ਹੱਸਦੇ ਹਨ ਅਤੇ 'ਫਾਲੋ' ਕਰਦੇ ਹਨ, ਖਾਸ ਕਰਕੇ ਜੇ ਉਹ ਔਰਤ ਦੇਖਣ ਨੂੰ ਆਕਰਸ਼ਕ ਹੋਵੇ!" ਇਸ ਨਿਰੀਖਣ ਕਾਰਨ ਇਹ ਵਿਵਾਦ ਸਿਰਫ ਇੱਕ ਵਿਦਿਆਰਥਣ ਦੇ ਗੈਰ-ਜ਼ਿੰਮੇਵਾਰ ਬਿਆਨ ਤੱਕ ਸੀਮਤ ਨਾ ਰਹਿ ਕੇ, ਸਮਾਜ ਦੀ ਸਮੂਹਿਕ ਨੈਤਿਕ ਬੈਠਕ 'ਤੇ ਸਵਾਲ ਖੜ੍ਹਾ ਕਰਨ ਵਾਲਾ ਬਣ ਗਿਆ। ਦੋਵੇਂ ਮਾਮਲੇ ਨਿੰਦਣਯੋਗ ਹਨ — ਇੱਕ ਮੌਤ ਤੋਂ ਬਾਅਦ ਦੀ ਬੇਰਹਿਮੀ ਅਤੇ ਬੇਇੱਜ਼ਤੀ, ਤਾਂ ਦੂਜਾ ਜਿਉਂਦੀ ਔਰਤ ਵਿਰੁੱਧ ਜਿਨਸੀ ਹਿੰਸਾ ਦਾ ਜਸ਼ਨ। ਦੋਵਾਂ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ, ਪਰ ਦੋਵੇਂ ਮਾਮਲੇ ਇੱਕ ਸਮਾਨ ਜੁਰਮ ਨਹੀਂ ਹਨ।

ਸੇਜਲ ਪਵਾਰ ਮਾਮਲੇ ਨੇ ਇੱਕ ਹੋਰ ਗੱਲ ਰੇਖਾਂਕਿਤ ਕੀਤੀ — ਸਿਰਫ ਡਾਕਟਰੀ ਡਿਗਰੀ ਹਾਸਲ ਕਰ ਲੈਣ ਨਾਲ ਮਨੁੱਖਤਾ, ਸੰਵੇਦਨਸ਼ੀਲਤਾ ਜਾਂ ਨੈਤਿਕਤਾ ਆਪਣੇ-ਆਪ ਨਹੀਂ ਆਉਂਦੀ। ਜਿੱਥੇ ਕਰੋੜਾਂ ਔਰਤਾਂ ਨੂੰ ਸਿੱਖਿਆ ਦਾ ਮੌਕਾ ਵੀ ਨਹੀਂ ਮਿਲਦਾ, ਉੱਥੇ ਇਹ ਮੌਕਾ ਪ੍ਰਾਪਤ ਇੱਕ ਵਿਦਿਆਰਥਣ ਨੇ ਇਸਦੀ ਅਜਿਹੀ ਦੁਰਵਰਤੋਂ ਕੀਤੀ, ਇਹ ਸਿਰਫ ਦੁਖਾਂਤ ਹੈ। ਖੁਸ਼ਕਿਸਮਤੀ ਨਾਲ, ਕੇਈਐਮ ਪ੍ਰਸ਼ਾਸਨ ਨੇ ਜਾਂਚ ਕਰਕੇ ਉਸਨੂੰ ਜ਼ਬਰੀ ਛੁੱਟੀ 'ਤੇ ਭੇਜ ਦਿੱਤਾ ਅਤੇ ਕਾਊਂਸਲਿੰਗ ਦੀ ਸਿਫਾਰਸ਼ ਕੀਤੀ; ਉਸ ਨੇ ਜਨਤਕ ਮੁਆਫੀ ਵੀ ਮੰਗੀ। ਪਰ, ਇਸ ਘਟਨਾ ਨੇ ਡਾਕਟਰੀ ਸਿੱਖਿਆ ਵਿੱਚ ਨੈਤਿਕ ਕਦਰਾਂ-ਕੀਮਤਾਂ, ਗੱਲਬਾਤ ਦੇ ਹੁਨਰ ਅਤੇ ਹਮਦਰਦੀ ਦੀ ਸਿੱਖਿਆ ਨੂੰ ਹੋਰ ਮਜ਼ਬੂਤ ਕਰਨ ਦੀ ਸਖ਼ਤ ਜ਼ਰੂਰਤ ਪੈਦਾ ਕਰ ਦਿੱਤੀ ਹੈ।

ਮਨੁੱਖੀ ਜੀਵਨ ਦੀ ਅਸਲ ਕੀਮਤ ਸਿਰਫ ਉਸਦੀ ਅਵਧੀ ਵਿੱਚ ਨਹੀਂ, ਸਗੋਂ ਉਸ ਜੀਵਨ ਨੇ ਦੂਜਿਆਂ ਲਈ ਕੀ ਕੀਤਾ ਇਸ ਵਿੱਚ ਛੁਪੀ ਹੁੰਦੀ ਹੈ। ਇਹ ਕਥਨ ਅਸੀਂ ਪੀੜ੍ਹੀਆਂ ਤੋਂ ਸੁਣਦੇ ਆ ਰਹੇ ਹਾਂ। ਪਰ ਇਸਦਾ ਸਭ ਤੋਂ ਡੂੰਘਾ ਅਰਥ ਉਦੋਂ ਸਮਝ ਆਉਂਦਾ ਹੈ ਜਦੋਂ ਸਰੀਰ ਦਾਨ ਦੀ ਧਾਰਨਾ ਨੂੰ ਸਮਝ ਲਿਆ ਜਾਵੇ। ਮੌਤ ਇੱਕ ਨਿਰਵਿਵਾਦ, ਅਟੱਲ ਸੱਚ ਹੈ। ਹਰ ਕਿਸੇ ਨੂੰ ਇੱਕ ਨਾ ਇੱਕ ਦਿਨ ਇਹ ਭੌਤਿਕ ਸਰੀਰ ਛੱਡਣਾ ਹੀ ਪੈਂਦਾ ਹੈ। ਮਿੱਟੀ ਵਿੱਚ ਮਿਲ ਜਾਣਾ, ਸੁਆਹ ਹੋ ਜਾਣਾ ਜਾਂ ਪਾਣੀ ਵਿੱਚ ਵਿਲੀਨ ਹੋ ਜਾਣਾ ਇਹਨਾਂ ਆਮ ਵਿਕਲਪਾਂ ਤੋਂ ਪਰੇ ਜਾ ਕੇ, ਆਪਣਾ ਦੇਹ ਭਵਿੱਖ ਦੇ ਗਿਆਨ ਦਾ ਆਧਾਰ ਬਣ ਸਕਦਾ ਹੈ, ਇਹ ਚੇਤਨਾ ਹੀ ਮੂਲ ਰੂਪ ਵਿੱਚ ਹੈਰਾਨ ਕਰਨ ਵਾਲੀ ਹੈ।

ਸਰੀਰ ਦਾਨ ਦਾ ਮਤਲਬ ਹੈ ਕਿਸੇ ਵਿਅਕਤੀ ਨੇ ਆਪਣੀ ਮੌਤ ਤੋਂ ਬਾਅਦ ਆਪਣਾ ਪੂਰਾ ਦੇਹ ਡਾਕਟਰੀ ਸਿੱਖਿਆ, ਸਰਜਰੀ ਦੇ ਹੁਨਰ ਵਿਕਾਸ ਅਤੇ ਵਿਗਿਆਨਕ ਖੋਜ ਵਰਗੇ ਉੱਤਮ ਉਦੇਸ਼ਾਂ ਲਈ ਕਾਨੂੰਨੀ ਤੌਰ 'ਤੇ ਦਾਨ ਕਰਨਾ। ਇਹ ਮਹਿਜ਼ ਇੱਕ ਡਾਕਟਰੀ ਪ੍ਰਕਿਰਿਆ ਜਾਂ ਕਾਨੂੰਨੀ ਬੰਧਨ ਨਹੀਂ ਹੈ; ਇਹ ਤਾਂ ਮਨੁੱਖਤਾ ਲਈ ਦਿੱਤਾ ਗਿਆ ਬਹੁਤ ਹੀ ਕੀਮਤੀ ਅਤੇ ਨਿਰਸਵਾਰਥ ਯੋਗਦਾਨ ਹੈ। ਸਮਾਜ ਵਿੱਚ ਅਕਸਰ ਅੰਗ ਦਾਨ ਬਾਰੇ ਚਰਚਾ ਹੁੰਦੀ ਹੈ, ਪਰ ਸਰੀਰ ਦਾਨ ਦੀ ਅਦੁੱਤੀ ਮਹੱਤਤਾ ਉਨੀ ਜ਼ਿਆਦਾ ਰੇਖਾਂਕਿਤ ਨਹੀਂ ਹੁੰਦੀ। ਇੱਕ ਵਿਅਕਤੀ ਦੁਆਰਾ ਕੀਤਾ ਗਿਆ ਸਰੀਰ ਦਾਨ ਸਿੱਧੇ ਤੌਰ 'ਤੇ ਸੈਂਕੜੇ ਡਾਕਟਰਾਂ ਨੂੰ ਸਿਖਲਾਈ ਦੇਣ ਅਤੇ ਉਨ੍ਹਾਂ ਰਾਹੀਂ ਹਜ਼ਾਰਾਂ ਮਰੀਜ਼ਾਂ ਦੀਆਂ ਜਾਨਾਂ ਬਚਾਉਣ ਵਿੱਚ ਸਹਾਇਕ ਹੁੰਦਾ ਹੈ। ਇਹ ਦਾਨ ਮੌਤ ਤੋਂ ਬਾਅਦ ਵੀ ਸਮਾਜ ਲਈ ਗਿਆਨ, ਸੇਵਾ ਅਤੇ ਮਨੁੱਖਤਾ ਦੀ ਜੋਤ ਨਿਰੰਤਰ ਜਗਦੀ ਰੱਖਣ ਦੀ ਅਦਭੁੱਤ ਸ਼ਕਤੀ ਰੱਖਦਾ ਹੈ।

ਸਰੀਰ ਦਾਨ ਦੀ ਧਾਰਨਾ ਨੂੰ ਸਮਝਣ ਸਮੇਂ ਸਭ ਤੋਂ ਪਹਿਲਾਂ ਇਸਨੂੰ ਅੰਗ ਦਾਨ ਤੋਂ ਵੱਖ ਕਰਨਾ ਜ਼ਰੂਰੀ ਹੈ। ਅੰਗ ਦਾਨ ਵਿੱਚ, ਕੋਈ ਵਿਅਕਤੀ 'ਦਿਮਾਗੀ-ਮੌਤ' (ਬ੍ਰੇਨ-ਸਟੈਮ ਡੈੱਡ) ਹੋਣ ਤੋਂ ਬਾਅਦ ਉਸਦਾ ਦਿਲ, ਜਿਗਰ, ਗੁਰਦੇ, ਅੱਖਾਂ, ਚਮੜੀ ਆਦਿ ਜੀਵਨ-ਰੱਖਿਅਕ ਅੰਗ ਦੂਜੇ ਲੋੜਵੰਦ ਮਰੀਜ਼ਾਂ ਨੂੰ ਪ੍ਰਤੀਰੋਪਣ ਲਈ ਦਿੱਤੇ ਜਾਂਦੇ ਹਨ। ਇਸ ਦੇ ਉਲਟ, ਸਰੀਰ ਦਾਨ ਵਿੱਚ ਪੂਰਾ ਦੇਹ ਡਾਕਟਰੀ ਕਾਲਜਾਂ, ਸਰਕਾਰੀ ਹਸਪਤਾਲਾਂ ਜਾਂ ਮਾਨਤਾ ਪ੍ਰਾਪਤ ਖੋਜ ਸੰਸਥਾਵਾਂ ਨੂੰ ਸਰੀਰ ਰਚਨਾ ਵਿਗਿਆਨ (ਐਨਾਟੋਮੀ) ਸਿੱਖਣ ਲਈ, ਸਰਜਨਾਂ ਦੇ ਅਭਿਆਸ ਲਈ ਅਤੇ ਨਵੀਂ ਡਾਕਟਰੀ ਤਕਨਾਲੋਜੀ ਦੀ ਖੋਜ ਲਈ ਉਪਲਬਧ ਕਰਵਾਇਆ ਜਾਂਦਾ ਹੈ। ਇਹ ਦਾਨ ਸਿਰਫ ਇੱਕ ਅੰਗ ਤੱਕ ਸੀਮਤ ਨਾ ਰਹਿ ਕੇ, ਪੂਰਾ ਸਰੀਰ ਭਵਿੱਖ ਦੇ ਡਾਕਟਰੀ ਮਾਹਰਾਂ ਨੂੰ ਘੜਨ ਵਾਲੀ ਪਹਿਲੀ ਅਤੇ ਸਭ ਤੋਂ ਮਹੱਤਵਪੂਰਨ ਪਾਠ-ਪੁਸਤਕ ਬਣ ਜਾਂਦਾ ਹੈ। ਭਾਰਤ ਵਰਗੇ ਵਿਸ਼ਾਲ ਦੇਸ਼ ਵਿੱਚ ਸਰੀਰ ਦਾਨ 'ਐਨਾਟੋਮੀ ਐਕਟ' ਅਤੇ ਸਬੰਧਤ ਰਾਜਾਂ ਦੇ ਵਿਸ਼ੇਸ਼ ਨਿਯਮਾਂ ਅਨੁਸਾਰ ਨਿਯੰਤਰਿਤ ਕੀਤਾ ਜਾਂਦਾ ਹੈ। ਮਹਾਰਾਸ਼ਟਰ ਵਿੱਚ 'ਮਹਾਰਾਸ਼ਟਰ ਐਨਾਟੋਮੀ ਐਕਟ, 1949' ਇਸ ਕਾਨੂੰਨ ਅਧੀਨ ਸਰੀਰ ਦਾਨ ਨੂੰ ਪੂਰੀ ਕਾਨੂੰਨੀ ਮਾਨਤਾ ਹੈ। ਕੋਈ ਵੀ ਸਿਆਣਾ ਅਤੇ ਤੰਦਰੁਸਤ ਵਿਅਕਤੀ ਆਪਣੀ ਜ਼ਿੰਦਗੀ ਵਿੱਚ ਵਸੀਅਤ ਵਿੱਚ ਨੋਟ ਕਰਕੇ ਜਾਂ ਸਬੰਧਤ ਸੰਸਥਾ ਨੂੰ ਅਧਿਕਾਰਤ ਨਮੂਨੇ ਵਿੱਚ ਅਰਜ਼ੀ ਦੇ ਕੇ ਇਹ ਸੰਕਲਪ ਕਰ ਸਕਦਾ ਹੈ। ਕਾਨੂੰਨੀ ਤੌਰ 'ਤੇ ਮੌਤ ਤੋਂ ਬਾਅਦ ਰਿਸ਼ਤੇਦਾਰਾਂ ਨੂੰ ਇਹ ਇੱਛਾ ਪੂਰੀ ਕਰਨੀ ਲਾਜ਼ਮੀ ਹੈ, ਪਰ ਸਮਾਜਿਕ ਸੰਵੇਦਨਸ਼ੀਲਤਾ ਅਤੇ ਪਰਿਵਾਰ ਦੀ ਸਹਿਮਤੀ ਬਹੁਤ ਮਹੱਤਵਪੂਰਨ ਹੈ। ਇਸ ਲਈ, ਆਪਣਾ ਇਹ ਫੈਸਲਾ ਪਰਿਵਾਰ ਵਾਲਿਆਂ ਨੂੰ ਵਿਸ਼ਵਾਸ ਵਿੱਚ ਲੈ ਕੇ, ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝਾ ਕੇ, ਉਨ੍ਹਾਂ ਦੀ ਪੂਰੀ ਸਹਿਮਤੀ ਲੈ ਕੇ ਹੀ ਕੀਤਾ ਜਾਣਾ ਚਾਹੀਦਾ ਹੈ, ਇਹ ਵੀ ਉਨਾ ਹੀ ਜ਼ਰੂਰੀ ਹੈ।

ਡਾਕਟਰੀ ਸਿੱਖਿਆ ਦੀ ਨੀਂਹ ਮਨੁੱਖੀ ਸਰੀਰ ਰਚਨਾ ਦੇ ਬਹੁਤ ਹੀ ਬਾਰੀਕ ਅਤੇ ਗਹਿਰੇ ਗਿਆਨ 'ਤੇ ਖੜ੍ਹੀ ਹੈ। ਦਿਲ ਦੇ ਖਾਨੇ, ਫੇਫੜਿਆਂ ਦੀਆਂ ਖਾਲੀ ਥਾਵਾਂ, ਮਾਸਪੇਸ਼ੀਆਂ ਦਾ ਸੁੰਗੜਨਾ-ਫੈਲਣਾ, ਖੂਨ ਦੀਆਂ ਨਾੜੀਆਂ ਅਤੇ ਨਸਾਂ ਦਾ ਅਦ੍ਰਿਸ਼ ਜਾਲ — ਇਹਨਾਂ ਸਭ ਦੀ ਪੇਚੀਦਾ ਬਣਤਰ ਸਿਰਫ ਕਿਤਾਬਾਂ ਦੀਆਂ ਸਪਾਟ ਆਕ੍ਰਿਤੀਆਂ, ਡਿਜੀਟਲ ਸਕਰੀਨ ਦੀਆਂ ਤਸਵੀਰਾਂ ਜਾਂ ਵੀਡੀਓ ਦੇਖ ਕੇ ਸਮਝਣਾ ਅਸੰਭਵ ਹੈ। ਇਸ ਲਈ ਸਿੱਧੇ ਮਨੁੱਖੀ ਦੇਹ 'ਤੇ ਸ਼ਵ-ਵਿਛੇਦਨ (ਡਿਸੈਕਸ਼ਨ) ਕਰਨ ਦਾ ਅਨੁਭਵ ਹੀ ਅਸਲ ਗੁਰੂ ਸਾਬਤ ਹੁੰਦਾ ਹੈ। ਸਰੀਰ ਦਾਨ ਤੋਂ ਮਿਲਿਆ ਇਹ ਦੇਹ, ਜਿਸਨੂੰ ਡਾਕਟਰੀ ਸ਼ਬਦਾਵਲੀ ਵਿੱਚ 'ਕੈਡਾਵਰ' ਕਿਹਾ ਜਾਂਦਾ ਹੈ, ਉਹ ਵਿਦਿਆਰਥੀਆਂ ਲਈ ਇੱਕ ਤਿੰਨ-ਆਯਾਮੀ, ਜਿਉਂਦੀ ਪਾਠ-ਪੁਸਤਕ ਵਰਗਾ ਹੈ। ਇਸੇ ਕਾਰਨ ਦੁਨੀਆ ਭਰ ਦੀਆਂ ਨਾਮਵਰ ਡਾਕਟਰੀ ਸੰਸਥਾਵਾਂ ਵਿੱਚ ਸਰੀਰ ਦਾਨੀਆਂ ਨੂੰ 'ਪਹਿਲਾ ਗੁਰੂ' (First Teacher) ਜਾਂ 'ਸਾਇਲੈਂਟ ਮੈਂਟਰ' (Silent Mentor) ਇਹਨਾਂ ਬਹੁਤ ਹੀ ਸਤਿਕਾਰ ਵਾਲੇ ਨਾਵਾਂ ਨਾਲ ਬੁਲਾਇਆ ਜਾਂਦਾ ਹੈ। ਇਹ ਦੇਹ ਭਾਵੇਂ ਨਹੀਂ ਬੋਲਦਾ, ਫਿਰ ਵੀ ਆਪਣੀ ਚੁੱਪੀ ਵਿੱਚ ਉਹ ਵਿਦਿਆਰਥੀਆਂ ਨੂੰ ਮਨੁੱਖੀ ਸਰੀਰ ਦੇ ਹਰ ਭੇਤ ਨੂੰ ਖੋਲ੍ਹ ਕੇ ਦਿਖਾਉਂਦਾ ਹੈ। ਇੱਕ ਨਵਾਂ ਡਾਕਟਰ ਜਦੋਂ ਆਪਣੇ ਕਰੀਅਰ ਦੀ ਸ਼ੁਰੂਆਤ ਕਰਦਾ ਹੈ, ਤਾਂ ਮਨੁੱਖੀ ਸਰੀਰ ਨਾਲ ਉਸਦਾ ਪਹਿਲਾ ਸਿੱਧਾ ਸੰਵਾਦ ਇਸੇ ਦਾਨ ਕੀਤੇ ਗਏ ਦੇਹ ਕਾਰਨ ਹੁੰਦਾ ਹੈ। ਜਿਨ੍ਹਾਂ ਹੱਥਾਂ ਨੇ ਭਵਿੱਖ ਵਿੱਚ ਅਨੇਕਾਂ ਮਰੀਜ਼ਾਂ 'ਤੇ ਗੁੰਝਲਦਾਰ ਸਰਜਰੀਆਂ ਕਰਨੀਆਂ ਹੁੰਦੀਆਂ ਹਨ, ਉਨ੍ਹਾਂ ਹੱਥਾਂ ਨੂੰ ਸੁਰੱਖਿਅਤ ਅਭਿਆਸ ਦਾ ਪਹਿਲਾ ਮੰਚ ਇਹ ਦੇਹ ਹੀ ਉਪਲਬਧ ਕਰਵਾਉਂਦਾ ਹੈ। ਇਸਦਾ ਅਰਥ, ਇੱਕ ਸਰੀਰ ਦਾਨੀ ਦੇ ਦੇਹ 'ਤੇ ਸਿਖਲਾਈ ਲੈ ਕੇ ਤਿਆਰ ਹੋਇਆ ਇੱਕ ਸਰਜਨ ਆਪਣੀ ਸਾਰੀ ਜ਼ਿੰਦਗੀ ਵਿੱਚ ਹਜ਼ਾਰਾਂ ਜਾਨਾਂ ਬਚਾ ਸਕਦਾ ਹੈ। ਇਹੀ ਤਾਂ ਇਸ ਦਾਨ ਦੀ ਅਥਾਹ ਸ਼ਕਤੀ ਹੈ। ਪਰ, ਬਦਕਿਸਮਤੀ ਨਾਲ ਭਾਰਤ ਵਿੱਚ ਸਰੀਰ ਦਾਨ ਦੀ ਮਾਤਰਾ ਲੋੜ ਦੇ ਮੁਕਾਬਲੇ ਬਹੁਤ ਘੱਟ ਹੈ। ਆਦਰਸ਼ਕ ਤੌਰ 'ਤੇ ਦਸ ਵਿਦਿਆਰਥੀਆਂ ਪਿੱਛੇ ਘੱਟੋ-ਘੱਟ ਇੱਕ ਦੇਹ ਉਪਲਬਧ ਹੋਣ ਦੀ ਉਮੀਦ ਹੁੰਦੇ ਹੋਏ, ਅਸਲ ਵਿੱਚ 30 ਤੋਂ 40 ਜਾਂ ਕੁਝ ਥਾਵਾਂ 'ਤੇ ਤਾਂ 75 ਵਿਦਿਆਰਥੀਆਂ ਨੂੰ ਇੱਕ ਦੇਹ 'ਤੇ ਨਿਰਭਰ ਰਹਿਣਾ ਪੈਂਦਾ ਹੈ। ਇਸਦਾ ਉਲਟਾ ਪ੍ਰਭਾਵ ਡਾਕਟਰੀ ਸਿੱਖਿਆ ਦੀ ਪ੍ਰਯੋਗਾਤਮਕ ਗੁਣਵੱਤਾ 'ਤੇ ਪੈਂਦਾ ਹੈ। ਵਿਦਿਆਰਥੀਆਂ ਨੂੰ ਸਟੂਲ 'ਤੇ ਖੜ੍ਹੇ ਹੋ ਕੇ ਦੂਰੋਂ ਦੇਖਣਾ ਪੈਂਦਾ ਹੈ, ਹੱਥ ਦਾ ਅਭਿਆਸ ਨਹੀਂ ਮਿਲਦਾ ਅਤੇ ਕਿਤਾਬੀ ਗਿਆਨ 'ਤੇ ਹੀ ਭਰੋਸਾ ਰੱਖਣਾ ਪੈਂਦਾ ਹੈ। ਇਸ ਘਾਟ ਦੀ ਗੰਭੀਰਤਾ ਨੂੰ ਦੇਖਦੇ ਹੋਏ, ਸਮਾਜ ਵਿੱਚ ਸਰੀਰ ਦਾਨ ਦੀ ਜਨ-ਜਾਗਰੂਕਤਾ ਪੈਦਾ ਕਰਨਾ ਬਹੁਤ ਜ਼ਰੂਰੀ ਹੈ।

ਸਰੀਰ ਦਾਨ ਦਾ ਫੈਸਲਾ ਲੈਂਦੇ ਸਮੇਂ ਪਰਿਵਾਰ ਵਾਲਿਆਂ ਦੇ ਮਨ ਵਿੱਚ ਇੱਕ ਸੁਭਾਵਿਕ, ਜਾਇਜ਼ ਸਵਾਲ ਹੁੰਦਾ ਹੈ — "ਮੌਤ ਤੋਂ ਬਾਅਦ ਸਾਡੇ ਪਿਆਰੇ ਵਿਅਕਤੀ ਦੇ ਦੇਹ ਦੀ ਇੱਜ਼ਤ ਅਤੇ ਸਨਮਾਨ ਰੱਖਿਆ ਜਾਵੇਗਾ ਨਾ?" ਇਹ ਚਿੰਤਾ ਪੂਰੀ ਤਰ੍ਹਾਂ ਮਨੁੱਖੀ ਅਤੇ ਸੁਭਾਵਿਕ ਹੈ। ਪਰ, ਮਾਨਤਾ ਪ੍ਰਾਪਤ ਡਾਕਟਰੀ ਸੰਸਥਾਵਾਂ ਵਿੱਚ ਇਸ ਦੇਹ ਨਾਲ ਬਹੁਤ ਆਦਰ, ਪਵਿੱਤਰਤਾ ਅਤੇ ਸੰਵੇਦਨਸ਼ੀਲਤਾ ਨਾਲ ਪੇਸ਼ ਆਇਆ ਜਾਂਦਾ ਹੈ। ਇਹ ਸਿਰਫ਼ ਮੂੰਹ-ਜ਼ੁਬਾਨੀ ਭਰੋਸੇ ਦਾ ਹਿੱਸਾ ਨਹੀਂ, ਸਗੋਂ ਸਖ਼ਤ ਨਿਯਮਾਵਲੀ ਅਤੇ ਡਾਕਟਰੀ ਆਚਾਰ-ਸੰਹਿਤਾ ਦਾ ਉਹ ਕੇਂਦਰ ਹੈ। ਦੇਹ ਪ੍ਰਾਪਤ ਹੋਣ ਤੋਂ ਲੈ ਕੇ ਪੜ੍ਹਾਈ ਪੂਰੀ ਹੋਣ ਤੱਕ ਹਰ ਪੜਾਅ 'ਤੇ ਉਸਦਾ ਮਾਣ ਰੱਖਿਆ ਜਾਂਦਾ ਹੈ। ਸੰਸਥਾ ਵਿੱਚ ਆਉਣ 'ਤੇ ਦੇਹ ਨੂੰ ਇੱਕ ਰਜਿਸਟ੍ਰੇਸ਼ਨ ਨੰਬਰ ਦਿੱਤਾ ਜਾਂਦਾ ਹੈ, ਤਾਂ ਕਿ ਦਾਨੀ ਦੀ ਨਿੱਜੀ ਪਛਾਣ ਪੂਰੀ ਤਰ੍ਹਾਂ ਗੁਪਤ ਰਹੇ। ਵਿਦਿਆਰਥੀਆਂ ਨੂੰ ਦਾਨੀ ਦਾ ਨਾਮ, ਪਿੰਡ ਜਾਂ ਪਰਿਵਾਰ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਜਾਂਦੀ। ਦੇਹ ਨੂੰ ਸੁਰੱਖਿਅਤ ਰੱਖਣ ਲਈ ਫਾਰਮਲਿਨ ਵਰਗੇ ਰਸਾਇਣ (ਐਂਬਾਲਮਿੰਗ) ਵਰਤ ਕੇ ਉਸਨੂੰ ਠੀਕ ਹਾਲਤ ਵਿੱਚ ਰੱਖਿਆ ਜਾਂਦਾ ਹੈ। ਪੜ੍ਹਾਈ ਤੋਂ ਇਲਾਵਾ ਕਿਸੇ ਹੋਰ ਕਾਰਨ ਲਈ ਦੇਹ ਦੀ ਵਰਤੋਂ ਕਰਨ ਦੀ ਕਾਨੂੰਨੀ ਤੌਰ 'ਤੇ ਸਖ਼ਤ ਮਨਾਹੀ ਹੈ। ਮਜ਼ਾਕ-ਮਸਤੀ, ਛੇੜਛਾੜ ਜਾਂ ਮਾਨ ਨੂੰ ਠੇਸ ਪਹੁੰਚਾਉਣ ਵਾਲੀ ਕੋਈ ਵੀ ਹਰਕਤ ਕਰਨ ਵਾਲੇ ਵਿਦਿਆਰਥੀਆਂ 'ਤੇ ਸਖ਼ਤ ਅਨੁਸ਼ਾਸਨੀ ਕਾਰਵਾਈ ਹੁੰਦੀ ਹੈ। ਅੱਜ-ਕੱਲ੍ਹ ਲਗਭਗ ਸਾਰੀਆਂ ਡਾਕਟਰੀ ਕਾਲਜਾਂ ਵਿੱਚ ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਵਿਦਿਆਰਥੀਆਂ ਤੋਂ 'ਕੈਡਾਵਰਿਕ ਸਹੁੰ' (Cadaveric Oath) ਚੁਕਵਾਈ ਜਾਂਦੀ ਹੈ। ਇਸ ਸਹੁੰ ਵਿੱਚ ਵਿਦਿਆਰਥੀ ਦੇਹ ਦਾਨੀ ਨੂੰ ਆਪਣਾ ਗੁਰੂ-ਸਥਾਨ ਦਿੰਦੇ ਹਨ, ਉਸਦੀ ਉੱਤਮ ਕੁਰਬਾਨੀ ਲਈ ਦਿਲੋਂ ਧੰਨਵਾਦ ਕਰਦੇ ਹਨ ਅਤੇ ਦੇਹ ਨੂੰ ਸਿਰਫ ਗਿਆਨ-ਪ੍ਰਾਪਤੀ ਦਾ ਪਵਿੱਤਰ ਸਾਧਨ ਮੰਨ ਕੇ ਸਤਿਕਾਰ ਨਾਲ ਪੇਸ਼ ਆਉਣ ਦਾ ਵਚਨ ਦਿੰਦੇ ਹਨ। ਇਸ ਤੋਂ ਇਲਾਵਾ, ਕਈ ਸੰਸਥਾਵਾਂ ਹਰ ਸਾਲ ਸਰੀਰ ਦਾਨੀਆਂ ਦੇ ਪਰਿਵਾਰਾਂ ਨੂੰ ਸੱਦਾ ਦੇ ਕੇ 'ਧੰਨਵਾਦ ਸਮਾਰੋਹ' ਆਯੋਜਿਤ ਕਰਦੀਆਂ ਹਨ, ਜਿੱਥੇ ਸੰਚਾਲਕ, ਪ੍ਰੋਫੈਸਰ ਅਤੇ ਵਿਦਿਆਰਥੀ ਇਕੱਠੇ ਹੋ ਕੇ ਇਨ੍ਹਾਂ ਦਾਨੀਆਂ ਦੇ ਕਰਜ਼ ਨੂੰ ਭਾਵਪੂਰਤ ਸ਼ਰਧਾਂਜਲੀ ਅਰਪਿਤ ਕਰਦੇ ਹਨ। ਸਰੀਰ ਦਾਨ ਦੀ ਸਮਾਜਿਕ ਲੋੜ ਅਤੇ ਯੋਗਦਾਨ ਦੇ ਦੂਰਗਾਮੀ ਪੱਖਾਂ ਨੂੰ ਸਮਝਣਾ ਚਾਹੀਦਾ ਹੈ। ਇਹ ਯੋਗਦਾਨ ਸਿਰਫ ਵਿਦਿਆਰਥੀਆਂ ਤੱਕ ਸੀਮਤ ਨਹੀਂ। ਗੁੰਝਲਦਾਰ ਨਿਊਰੋਸਰਜਰੀ, ਕਾਰਡੀਅਕ ਸਰਜਰੀ, ਆਰਥੋਪੈਡਿਕ ਸਰਜਰੀਆਂ ਦੀਆਂ ਨਵੀਆਂ ਤਕਨੀਕਾਂ ਪਹਿਲਾਂ ਸਰੀਰ ਦਾਨ ਕੀਤੇ ਗਏ ਦੇਹਾਂ 'ਤੇ ਪ੍ਰਯੋਗ ਕਰਕੇ ਹੀ ਸੰਪੂਰਨ ਕੀਤੀਆਂ ਜਾਂਦੀਆਂ ਹਨ। ਨਵੇਂ ਵਿਕਸਤ ਹੋ ਰਹੇ ਡਾਕਟਰੀ ਉਪਕਰਣ — ਜਿਵੇਂ ਕਿ ਸਟੈਂਟ, ਪੇਸਮੇਕਰ, ਨਕਲੀ ਜੋੜ — ਇਨ੍ਹਾਂ ਦੀ ਸੁਰੱਖਿਆ ਜਾਂਚ ਮਨੁੱਖੀ ਦੇਹ 'ਤੇ ਹੀ ਕੀਤੀ ਜਾਂਦੀ ਹੈ। ਨਿਆਂ-ਚਿਕਿਤਸਾ ਸ਼ਾਸਤਰ (ਫੋਰੈਂਸਿਕ ਮੈਡੀਸਿਨ) ਦੇ ਵਿਦਿਆਰਥੀਆਂ ਨੂੰ ਦੇਹ ਦੇ ਗਲਣ-ਸੜਨ ਦੀ ਪ੍ਰਕਿਰਿਆ, ਜ਼ਖ਼ਮਾਂ ਦਾ ਸਰੂਪ ਆਦਿ ਦੀ ਸਿੱਖਿਆ ਵੀ ਅਜਿਹੇ ਦੇਹਾਂ 'ਤੇ ਹੀ ਹੁੰਦੀ ਹੈ। ਕਿਸੇ ਦੁਰਲੱਭ ਬਿਮਾਰੀ ਨਾਲ ਮੌਤ ਹੋਈ ਵਿਅਕਤੀ ਦਾ ਸਰੀਰ ਦਾਨ ਕੀਤਾ ਗਿਆ ਹੋਵੇ, ਤਾਂ ਉਸ ਰੋਗ ਦੇ ਸਰੂਪ ਨੂੰ ਡੂੰਘਾਈ ਨਾਲ ਸਮਝ ਕੇ ਇਲਾਜ ਲੱਭਣ ਦੀ ਦਿਸ਼ਾ ਮਿਲਦੀ ਹੈ।

ਵਾਤਾਵਰਣ-ਪੂਰਕ ਦ੍ਰਿਸ਼ਟੀਕੋਣ ਵੀ ਇਸ ਵਿੱਚ ਲੁਕਿਆ ਹੋਇਆ ਹੈ। ਇੱਕ ਲਾਸ਼ ਦੇ ਸਸਕਾਰ ਲਈ ਔਸਤਨ ਇੱਕ ਵੱਡਾ ਰੁੱਖ ਸਾੜਿਆ ਜਾਂਦਾ ਹੈ ਅਤੇ ਧੂੰਏਂ ਦਾ ਭਾਰੀ ਪ੍ਰਦੂਸ਼ਣ ਹੁੰਦਾ ਹੈ। ਸਰੀਰ ਦਾਨ ਨਾਲ ਇਹ ਵਾਤਾਵਰਣਿਕ ਨੁਕਸਾਨ ਬਚ ਜਾਂਦਾ ਹੈ। ਪਰ, ਇਸ ਸਾਰੇ ਗਿਆਨ ਅਤੇ ਯੋਗਦਾਨ ਦੇ ਸਫ਼ਰ ਵਿੱਚ ਇੱਕ ਵੱਡੀ ਰੁਕਾਵਟ ਹੈ ਸਮਾਜਿਕ ਅੰਧਵਿਸ਼ਵਾਸ ਅਤੇ ਗਲਤ ਧਾਰਨਾਵਾਂ। "ਮੌਤ ਤੋਂ ਬਾਅਦ ਸਰੀਰ ਬਿਨਾਂ ਛੇੜਛਾੜ ਰਹਿਣਾ ਚਾਹੀਦਾ ਹੈ, ਨਹੀਂ ਤਾਂ ਆਤਮਾ ਨੂੰ ਮੁਕਤੀ ਨਹੀਂ ਮਿਲਦੀ," "ਦੇਹ ਕੱਟੀ ਗਈ ਤਾਂ ਅਗਲੇ ਜਨਮ ਵਿੱਚ ਅਪਾਹਜਤਾ ਆਉਂਦੀ ਹੈ," ਅਜਿਹੀਆਂ ਰੂੜ੍ਹ ਧਾਰਨਾਵਾਂ ਸਮਾਜ ਵਿੱਚ ਡੂੰਘੀਆਂ ਜੜ੍ਹਾਂ ਫੜੀ ਬੈਠੀਆਂ ਹਨ। ਪਰ, ਕੋਈ ਵੀ ਧਰਮ ਮਨੁੱਖ-ਸੇਵਾ ਦਾ ਵਿਰੋਧ ਨਹੀਂ ਕਰਦਾ; ਹਿੰਦੂ, ਮੁਸਲਮਾਨ, ਸਿੱਖ, ਬੋਧੀ, ਜੈਨ ਸਭ ਧਰਮਾਂ ਵਿੱਚ ਪਰਉਪਕਾਰ ਹੀ ਸਰਵਉੱਚ ਧਰਮ ਮੰਨਿਆ ਗਿਆ ਹੈ। ਸਰੀਰ ਦਾਨ ਤਾਂ ਆਖਰੀ ਪਰਉਪਕਾਰ ਦਾ ਕੰਮ ਹੈ। ਇਨ੍ਹਾਂ ਰੁਕਾਵਟਾਂ 'ਤੇ ਕਾਬੂ ਪਾਉਣ ਲਈ ਸਕੂਲਾਂ-ਕਾਲਜਾਂ ਰਾਹੀਂ ਜਨ-ਜਾਗਰੂਕਤਾ, ਸੋਸ਼ਲ ਮੀਡੀਆ ਦਾ ਸਕਾਰਾਤਮਕ ਇਸਤੇਮਾਲ, ਕੈਂਪ ਅਤੇ ਸਫਲ ਦੇਹ ਦਾਨੀਆਂ ਦੇ ਪਰਿਵਾਰਾਂ ਦੇ ਤਜਰਬੇ ਸਾਂਝੇ ਕਰਨ ਦੀ ਸਖ਼ਤ ਜ਼ਰੂਰਤ ਹੈ। ਸਰੀਰ ਦਾਨ ਦਾ ਮਤਲਬ 'ਦੇਹ ਦਾਨ' ਨਹੀਂ, ਸਗੋਂ ਇਹ 'ਗਿਆਨ ਦਾਨ' ਹੈ, ਇਹ ਭਾਵਨਾ ਸਮਾਜ-ਮਨ 'ਤੇ ਬਿਠਾਉਣੀ ਚਾਹੀਦੀ ਹੈ।

ਇਸ ਸਾਰੇ ਵਿਵਾਦ ਦੀ ਪਿੱਠਭੂਮੀ ਵਿੱਚ, ਦੇਹ ਦਾਨ ਅੰਦੋਲਨ ਦੇ ਪ੍ਰੇਰਣਾਦਾਇਕ ਕਾਰਜਾਂ ਅਤੇ ਸ਼ਖ਼ਸੀਅਤਾਂ ਵੱਲ ਧਿਆਨ ਦੇਣਾ ਜ਼ਿਆਦਾ ਮਹੱਤਵਪੂਰਨ ਹੋ ਜਾਂਦਾ ਹੈ। ਮੁੰਬਈ ਵਿੱਚ 'ਜਯੇਸ਼ਠ ਸਥਾਨਿਕ ਨਾਗਰਿਕ ਸੇਵਾ ਮੰਚ' ਅਤੇ ਸਮਾਜ ਸੇਵਿਕਾ ਸਵਿਤਾ ਘਰਤ ਪਿਛਲੇ 15 ਸਾਲਾਂ ਤੋਂ ਬਿਨਾਂ ਰੁਕੇ ਇਹ ਅੰਦੋਲਨ ਚਲਾ ਰਹੇ ਹਨ। ਉਨ੍ਹਾਂ ਦੇ ਕੰਮ ਦਾ ਮੂਲ-ਮੰਤਰ ਹੈ — "ਮਰੋ ਪਰ ਕੀਰਤੀ ਰੂਪ 'ਚ ਰਹੋ, ਕਿਉਂ ਨਾ ਮਰ ਕੇ ਦੇਹ ਦਾਨ, ਅੰਗ ਦਾਨ ਰੂਪ 'ਚ ਰਹਿ ਜਾਈਏ।" ਸਵਿਤਾ ਘਰਤ, ਰਸ਼ਮੀ ਪਰਬ ਅਤੇ ਉਨ੍ਹਾਂ ਦੀਆਂ ਸਹਿਯੋਗੀ ਘਰ-ਘਰ ਜਾ ਕੇ, ਕੈਂਪ ਲਗਾ ਕੇ, ਆਨਲਾਈਨ ਮਾਰਗਦਰਸ਼ਨ ਕਰਕੇ ਲੋਕਾਂ ਦੇ ਡਰ ਅਤੇ ਰੁਕਾਵਟਾਂ ਦੂਰ ਕਰ ਰਹੇ ਹਨ। ਹਾਲ ਹੀ ਵਿੱਚ ਉਨ੍ਹਾਂ ਨੇ 92 ਸਾਲਾ ਸ੍ਰੀ ਆਰ.ਕੇ. ਸਹਿਗਲ ਨਾਲ ਮੁਲਾਕਾਤ ਕੀਤੀ। ਸਹਿਗਲ ਸਾਹਿਬ, ਜੋ ਖੁਦ ਇੰਜੀਨੀਅਰ ਹਨ ਅਤੇ ਮੈਲਬਰਨ ਯੂਨੀਵਰਸਿਟੀ ਦੇ ਗ੍ਰੈਜੂਏਟ ਹਨ, ਉਹ ਪਿਛਲੇ ਦੋ ਸਾਲਾਂ ਤੋਂ ਸੰਸਥਾ ਦੀ ਉਡੀਕ ਵਿੱਚ ਸਨ। ਉਨ੍ਹਾਂ ਦੀ 90 ਸਾਲਾ ਪਤਨੀ ਅਤੇ ਉਹ, ਬੱਚੇ ਵਿਦੇਸ਼ ਹੋਣ ਦੇ ਬਾਵਜੂਦ ਆਪਣੀ ਇੱਛਾ ਨਾਲ ਭਾਰਤ ਵਿੱਚ ਰਹਿੰਦੇ ਹਨ। ਉਨ੍ਹਾਂ ਦੇ ਛੋਟੇ ਬੇਟੇ ਨੂੰ ਨਿਊ ਜਰਸੀ ਤੋਂ ਖਾਸ ਬੁਲਾ ਕੇ, ਸਾਰੀਆਂ ਕਾਨੂੰਨੀ ਗੱਲਾਂ 'ਤੇ ਚਰਚਾ ਕਰਕੇ, ਸਵਿਤਾ ਘਰਤ ਨੇ ਉਨ੍ਹਾਂ ਦਾ ਦੇਹ ਦਾਨ ਅਤੇ ਅੰਗ ਦਾਨ ਦਾ ਰਾਹ ਪੱਧਰਾ ਕੀਤਾ। ਸਹਿਗਲ ਸਾਹਿਬ ਦੀ ਇੱਕ ਗੱਲ ਦਿਲ ਨੂੰ ਛੂਹਦੀ ਹੈ — "ਜ਼ਿੰਦਗੀ ਭਰ ਈਮਾਨਦਾਰੀ ਨਾਲ ਰਹੇ, ਸਭ ਕੁਝ ਠੀਕ ਹੀ ਰਿਹਾ। ਪਰ ਹੁਣ ਆਖਰੀ ਵੇਲੇ ਵੀ ਮੈਂ ਸਮਾਜ ਨੂੰ ਕੁਝ ਦੇ ਕੇ ਹੀ ਜਾਣਾ ਹੈ। ਇਸ ਵਿੱਚ ਕੋਈ ਰੁਕਾਵਟ ਨਾ ਆਵੇ ਇਸ ਲਈ ਪਹਿਲਾਂ ਹੀ ਇਹ ਤਿਆਰੀ ਹਰ ਕਿਸੇ ਨੂੰ ਕਰ ਲੈਣੀ ਚਾਹੀਦੀ ਹੈ।" ਅਜਿਹੇ ਲੋਕ ਚੱਲਦੇ-ਫਿਰਦੇ ਪ੍ਰੇਰਨਾ-ਸਰੋਤ ਹਨ। ਇਸੇ ਤਰ੍ਹਾਂ, 1988 ਤੋਂ ਕਾਰਜਸ਼ੀਲ ਡੋਂਬੀਵਲੀ ਦੀ 'ਮਹਰਸ਼ੀ ਦਧੀਚਿ ਦੇਹ ਦਾਨ ਮੰਡਲ' ਦਾ ਕੰਮ ਵੀ ਅਵਿਸਮਰਣੀਯ ਹੈ। ਗੁਰੂਦਾਸਜੀ ਤਾਂਬੇ ਨੇ ਇੱਕ ਲੈਕਚਰ ਤੋਂ ਪ੍ਰਭਾਵਿਤ ਹੋ ਕੇ ਦੋਸਤਾਂ ਦੀ ਮਦਦ ਨਾਲ ਇਹ ਸੰਸਥਾ ਸਥਾਪਿਤ ਕੀਤੀ। ਇਹ ਸੰਸਥਾ ਦੇਹ ਦਾਨ ਦੇ ਨਾਲ-ਨਾਲ ਨੇਤਰ ਦਾਨ, ਚਮੜੀ ਦਾਨ, ਖੂਨ ਦਾਨ ਅਤੇ ਅੰਗ ਦਾਨ ਦਾ ਵੀ ਮੁਫ਼ਤ ਪ੍ਰਚਾਰ ਕਰਦੀ ਹੈ। ਚਮੜੀ ਦਾਨ ਕਰਨ ਨਾਲ ਸੜ ਚੁੱਕੇ ਮਰੀਜ਼ਾਂ 'ਤੇ ਚਮੜੀ ਰੋਪਣ ਕੀਤੀ ਜਾ ਸਕਦੀ ਹੈ; ਨੇਤਰ ਦਾਨ ਨਾਲ ਚਾਰ ਤੋਂ ਛੇ ਅੰਨ੍ਹੇ ਵਿਅਕਤੀਆਂ ਨੂੰ ਨਜ਼ਰ ਮਿਲ ਸਕਦੀ ਹੈ — ਇਹ ਸਾਰੀ ਜਾਣਕਾਰੀ ਦਾ ਉਹ ਲਗਾਤਾਰ ਪ੍ਰਚਾਰ ਕਰ ਰਹੇ ਹਨ।

ਇਸ ਅੰਦੋਲਨ ਦੀ ਅਸਲ ਰੂਹ ਸਮਝਣੀ ਹੋਵੇ, ਤਾਂ ਸਿੱਧੇ ਕਾਰਕੁਨਾਂ ਦੇ ਤਜਰਬੇ ਸੁਣਨੇ ਪੈਣਗੇ। ਪਰਭਣੀ ਦੇ ਵਿਨੋਦ ਡਾਵਰੇ, ਜਿਨ੍ਹਾਂ ਨੇ 2015 ਵਿੱਚ ਆਪਣੇ ਨਾਨਾ ਜੀ (ਪਿਤਾ ਜੀ) ਦਾ ਦੇਹ ਦਾਨ ਕੀਤਾ, ਉਹ ਦੱਸਦੇ ਹਨ, "ਮੇਰਾ ਇੱਕ ਡਾਕਟਰ ਦੋਸਤ 35 ਸਾਲਾਂ ਬਾਅਦ ਮਿਲਿਆ ਅਤੇ ਕਿਹਾ, 'ਤੇਰੇ ਪਿਤਾ ਜੀ ਦੇ ਦੇਹ ਦਾਨ ਕਰਕੇ ਹੀ ਮੈਂ ਅੱਜ ਇਹ ਡਾਕਟਰ ਹਾਂ। ਸਾਡੀ ਇਮਾਰਤ ਸਿਰਫ ਉਸ ਦੇਹ 'ਤੇ ਨਿਰਭਰ ਹੈ। ਅਸੀਂ ਉਸ ਦੇਹ ਨਾਲ ਗੱਲਾਂ ਕਰਦੇ ਹਾਂ, ਇੱਕ ਰਿਸ਼ਤਾ ਬਣਦਾ ਹੈ। ਅਤੇ ਸਾਰੀ ਪੜ੍ਹਾਈ ਤੋਂ ਬਾਅਦ ਬਹੁਤ ਹੀ ਸਾਫ਼-ਸੁਥਰੇ ਤਰੀਕੇ ਨਾਲ ਅਸੀਂ ਉਨ੍ਹਾਂ ਦਾ ਅੰਤਿਮ ਸੰਸਕਾਰ ਕਰਦੇ ਹਾਂ।'" ਇਹ ਸੁਣ ਕੇ ਉਨ੍ਹਾਂ ਦੇ ਮਨ ਤੋਂ ਸਾਰਾ ਭਾਰ ਉੱਤਰ ਗਿਆ ਅਤੇ ਉਹ ਖੁਦ ਇਸ ਖੇਤਰ ਵਿੱਚ ਸਰਗਰਮ ਹੋ ਗਏ। ਹੁਣ ਤੱਕ ਉਨ੍ਹਾਂ ਨੇ ਆਪਣੇ ਨਿੱਜੀ ਯਤਨਾਂ ਨਾਲ 14 ਦੇਹ ਦਾਨ ਅਤੇ 3 ਅੰਗ ਦਾਨ ਕਰਵਾਏ ਹਨ — ਇਸਦਾ ਉਨ੍ਹਾਂ ਨੂੰ ਜ਼ੀਰੋ ਆਰਥਿਕ ਲਾਭ ਹੈ, ਪਰ ਸਮਾਜਿਕ ਜ਼ਿੰਮੇਵਾਰੀ ਵਜੋਂ ਉਹ ਇਹ ਕੰਮ ਕਰ ਰਹੇ ਹਨ। ਉਹ ਪੁੱਛਦੇ ਹਨ, "ਇੱਕ ਸਰਕਾਰੀ ਮੈਡੀਕਲ ਕਾਲਜ ਵਿੱਚ 75 ਵਿਦਿਆਰਥੀ ਇੱਕ ਦੇਹ ਦੁਆਲੇ ਸਟੂਲ 'ਤੇ ਖੜ੍ਹੇ ਹੋ ਕੇ ਸਰੀਰ ਵਿਗਿਆਨ ਸਿੱਖ ਰਹੇ ਹਨ। ਕੱਲ੍ਹ ਇਹੀ ਵਿਦਿਆਰਥੀ ਤੁਹਾਡਾ ਇਲਾਜ ਕਰਨਗੇ, ਤਾਂ ਇਸ ਸਿੱਖਿਆ ਦੀ ਗੁਣਵੱਤਾ ਕੀ ਹੋਵੇਗੀ?" ਇਹ ਸਵਾਲ ਸਾਡੇ ਸਾਰਿਆਂ ਨੂੰ ਸੋਚਣ ਲਈ ਮਜਬੂਰ ਕਰਨ ਵਾਲਾ ਹੈ। ਇਸ ਲਈ, ਸਰੀਰ ਦਾਨ ਸਿਰਫ ਇੱਕ ਵਿਕਲਪ ਨਹੀਂ, ਸਗੋਂ ਸਮੇਂ ਦੀ ਲੋੜ ਹੈ। ਖੁਦ ਇੱਕ ਡਾਕਟਰ ਦੋਸਤ ਨੇ ਇੱਕ ਦੇਹ ਦਾਨੀ ਦੇ ਪਰਿਵਾਰ ਵਾਲੇ ਨੂੰ ਕਿਹਾ ਸੀ, "ਅਸੀਂ ਡਾਕਟਰਾਂ ਲਈ ਦੁਨੀਆ ਵਿੱਚ ਮਾਤਾ-ਪਿਤਾ ਤੋਂ ਬਾਅਦ ਸਭ ਤੋਂ ਸਤਿਕਾਰਯੋਗ ਵਿਅਕਤੀ ਜੇਕਰ ਕੋਈ ਹੈ ਤਾਂ ਉਹ ਸਿਰਫ ਇਹ ਦੇਹ ਦਾਨੀ ਹੈ। ਸਾਡੀ ਪੂਰੀ ਡਾਕਟਰੀ ਇਮਾਰਤ ਇਸੇ ਦੇਹ 'ਤੇ ਖੜ੍ਹੀ ਹੈ। ਅਸੀਂ ਸ਼ਵ-ਵਿਛੇਦਨ ਕਰਦੇ-ਕਰਦੇ ਲੰਚ ਬਰੇਕ ਵਿੱਚ ਹੱਥ ਧੋ ਕੇ ਖਾਣਾ ਖਾਂਦੇ ਹਾਂ ਅਤੇ ਫਟਾਫਟ ਮੁੜ ਉਸੇ ਦੇਹ ਨਾਲ ਇੱਕ ਅਪਣੱਤ ਦੇ ਰਿਸ਼ਤੇ ਨਾਲ ਜੁੜ ਜਾਂਦੇ ਹਾਂ। ਇੱਥੋਂ ਤੱਕ ਕਿ ਅਸੀਂ ਉਸ ਦੇਹ ਨਾਲ ਗੱਲਾਂ ਵੀ ਕਰਦੇ ਹਾਂ।" ਡਾਕਟਰੀ ਪੜ੍ਹਾਈ ਖਤਮ ਹੋਣ ਤੋਂ ਬਾਅਦ ਉਸ ਦੇਹ ਦੇ ਬਚੇ-ਖੁਚੇ ਹਿੱਸਿਆਂ ਦਾ ਕਿਸੇ ਵੀ ਰੱਦੀ ਚੀਜ਼ ਵਾਂਗੂ ਨਿਪਟਾਰਾ ਨਾ ਕਰਕੇ, ਬੜੇ ਸਤਿਕਾਰ ਨਾਲ, ਧਾਰਮਿਕ ਪਰੰਪਰਾ ਅਨੁਸਾਰ ਜਾਂ ਪਰਿਵਾਰ ਵਾਲਿਆਂ ਦੀ ਇੱਛਾ ਅਨੁਸਾਰ ਅੰਤਿਮ ਸੰਸਕਾਰ ਕੀਤਾ ਜਾਂਦਾ ਹੈ। ਕੁਝ ਸੰਸਥਾਵਾਂ ਹੱਡੀਆਂ ਪਰਿਵਾਰ ਵਾਲਿਆਂ ਨੂੰ ਵਾਪਸ ਕਰਦੀਆਂ ਹਨ, ਤਾਂ ਕਈ ਸਮੂਹਿਕ ਵਿਸਰਜਨ ਕਰਦੀਆਂ ਹਨ। ਇਸ ਸਾਰੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਅਤੇ ਆਦਰ ਇੱਕ ਅਟੱਲ ਨਿਯਮ ਹੈ। ਡਾ. ਆਸ਼ਾ ਕਦਮ ਨੇ ਆਪਣੇ ਤਜਰਬੇ ਤੋਂ ਕਿਹਾ, "ਅੱਜ ਵੀ ਪੋਸਟਮਾਰਟਮ ਕਰਦੇ ਸਮੇਂ ਉਸ ਦੇਹ ਦੀ ਪੂਰੀ ਦੇਖਭਾਲ ਅਸੀਂ ਡਾਕਟਰ ਅਤੇ ਕਰਮਚਾਰੀ ਕਰਦੇ ਹਾਂ। ਮ੍ਰਿਤਕ ਦੇਹ ਦਾ ਸਨਮਾਨ ਰੱਖਣਾ ਚਾਹੀਦਾ ਹੈ ਇਹ ਅਣਲਿਖਤ ਨਿਯਮ ਸਾਰੇ ਪਾਲਦੇ ਹਨ।" ਇਹ ਸਨਮਾਨ ਦੀ ਪਰੰਪਰਾ ਹਜ਼ਾਰਾਂ ਸਾਲਾਂ ਤੋਂ ਭਾਰਤੀ ਸੱਭਿਆਚਾਰ ਵਿੱਚ ਰਚੀ-ਵਸੀ ਹੈ; ਮਹਰਸ਼ੀ ਦਧੀਚੀ ਨੇ ਤਿੰਨਾਂ ਲੋਕਾਂ ਦੀ ਸ਼ਾਂਤੀ ਲਈ ਆਪਣੀਆਂ ਹੱਡੀਆਂ ਦਾਨ ਕੀਤੀਆਂ ਅਤੇ ਉਹ ਸ੍ਰਿਸ਼ਟੀ ਦੇ ਪਹਿਲੇ ਦੇਹ ਦਾਨੀ ਵਜੋਂ ਜਾਣੇ ਜਾਂਦੇ ਹਨ।

ਇਸ ਪੂਰੀ ਚਰਚਾ ਵਿੱਚੋਂ ਇੱਕ ਗੱਲ ਬਹੁਤ ਸਪੱਸ਼ਟ ਰੂਪ ਵਿੱਚ ਸਾਹਮਣੇ ਆਉਂਦੀ ਹੈ — ਸਰੀਰ ਦਾਨ ਇਹ ਅੰਦੋਲਨ ਸਿਰਫ ਮ੍ਰਿਤਕ ਦੇਹ ਦੀ ਵਰਤੋਂ ਤੱਕ ਸੀਮਤ ਨਹੀਂ। ਇਹ ਮਨੁੱਖੀ ਜੀਵਨ ਦੀ ਸ੍ਰੇਸ਼ਟਤਾ, ਪਰਉਪਕਾਰ ਦੀ ਪਰਮ-ਅਵਧੀ ਅਤੇ ਗਿਆਨ ਦਾਨ ਦੀ ਅਖੰਡ ਪਰੰਪਰਾ ਦਾ ਮੂਰਤ ਰੂਪ ਹੈ। ਡਾ. ਆਨੰਦੀਬਾਈ ਜੋਸ਼ੀ, ਡਾ. ਦਵਾਰਕਾਨਾਥ ਕੋਟਨੀਸ, ਡਾ. ਕਿਸ਼ੋਰ ਸ਼ਾਂਤਾਬਾਈ ਕਾਲੇ, ਡਾ. ਨੀਤੂ ਮਾਂਡਕੇ, ਡਾ. ਰਵੀ ਬਾਪਟ, ਡਾ. ਪ੍ਰਕਾਸ਼-ਮੰਦਾ ਆਮਟੇ, ਡਾ. ਤਾਤਿਆਰਾਵ ਲਹਾਨੇ ਇਹੋ ਜਿਹੇ ਕਈ ਡਾਕਟਰੀ ਮਹਾਂਰਥੀਆਂ ਦੀ ਲੰਮੀ ਸੂਚੀ ਮਹਾਰਾਸ਼ਟਰ ਨੇ ਵੇਖੀ ਹੈ, ਜਿਨ੍ਹਾਂ ਨੇ ਆਪਣਾ ਜੀਵਨ ਮਨੁੱਖ-ਸੇਵਾ ਲਈ ਸਮਰਪਿਤ ਕੀਤਾ। ਇਹੀ ਉਹ ਡਾਕਟਰਾਂ ਦੀ ਅਸਲ ਪਰੰਪਰਾ ਹੈ। ਇੱਕ ਗੈਰਾਜ ਦਾ ਮਕੈਨਿਕ ਸਵੇਰੇ ਆਪਣੇ ਔਜ਼ਾਰਾਂ ਨੂੰ ਨਮਸਕਾਰ ਕਰਦਾ ਹੈ, ਵਪਾਰੀ ਬਹੀ-ਖਾਤੇ ਦੀ ਪੂਜਾ ਕਰਦਾ ਹੈ — ਇਹ ਆਪਣੇ ਕਿੱਤੇ ਪ੍ਰਤੀ ਧੰਨਵਾਦ ਹੁੰਦਾ ਹੈ। ਇਹੋ ਜਿਹੀ ਹੀ ਭਾਵਨਾ ਇੱਕ ਆਦਰਸ਼ ਡਾਕਟਰ ਦੀ ਆਪਣੇ ਮਰੀਜ਼ਾਂ ਪ੍ਰਤੀ ਅਤੇ ਸਿੱਖਿਆ ਦਾ ਸਾਧਨ ਬਣੇ ਸਰੀਰ ਦਾਨੀ ਪ੍ਰਤੀ ਹੋਣੀ ਚਾਹੀਦੀ ਹੈ। ਅੰਜਲੀ ਝਰਕਰ ਨੇ ਜਿਵੇਂ ਕਿਹਾ, "ਜੋ ਤੰਦਰੁਸਤ ਆਦਮੀ ਡਾਕਟਰ ਕੋਲ ਨਹੀਂ ਜਾਵੇਗਾ; ਜਿਸਦੇ ਸਰੀਰ ਵਿੱਚ ਪ੍ਰਾਬਲਮ ਹੈ ਉਹੀ ਜਾਵੇਗਾ, ਕਿਉਂਕਿ ਉਸ ਲਈ ਡਾਕਟਰ ਹੀ ਰੱਬ ਹੁੰਦਾ ਹੈ। ਅਜਿਹੇ ਜਿਉਂਦੇ ਜਾਂ ਮੁਰਦਾ ਸਰੀਰ ਦੀ ਬੇਇੱਜ਼ਤੀ ਕਰਨ ਵਾਲੇ ਘਟੀਆ ਡਾਕਟਰਾਂ ਕਾਰਨ, ਇੱਕ ਕਸਾਈ ਅਤੇ ਡਾਕਟਰ ਦੀ ਮਾਨਸਿਕਤਾ ਵਿੱਚ ਕੀ ਫ਼ਰਕ ਰਹਿ ਜਾਂਦਾ ਹੈ?" ਇਹ ਸਵਾਲ ਸਮਾਜ ਨੂੰ ਗੰਭੀਰਤਾ ਨਾਲ ਲੈਣ ਦਾ ਸਮਾਂ ਆ ਗਿਆ ਹੈ।

'ਪਾਪੂਲਰ ਸਾਇੰਸ' ਵਿੱਚ ਲਿਖਣ ਵਾਲੀ ਬਰੂਕ ਬੋਰੇਲ ਆਪਣੀ ਇੱਕ ਲਿਖਤ ਵਿੱਚ ਲਿਖਦੀ ਹੈ – ਵਿਦੇਸ਼ਾਂ ਵਿੱਚ ਵਿਗਿਆਨ, ਸੁਰੱਖਿਆ ਅਤੇ ਸਿੱਖਿਆ ਅਤੇ ਖੋਜ ਵਿੱਚ ਮ੍ਰਿਤਕ ਸਰੀਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਖੋਜ ਦੇ ਕਈ ਖੇਤਰਾਂ ਲਈ ਮ੍ਰਿਤਕ ਸਰੀਰਾਂ ਦੀ ਲੋੜ ਹੁੰਦੀ ਹੈ। ਉਦਾਹਰਨ ਵਜੋਂ, ਸੱਟ ਦੇ ਜੈਵ-ਯੰਤਰਿਕੀ (ਬਾਇਓਮਕੈਨਿਕਸ) ਦਾ ਅਧਿਐਨ ਕਰਨ ਵਾਲੇ ਵਿਗਿਆਨੀ ਮਨੁੱਖੀ ਸਰੀਰ ਨੂੰ ਕਿਵੇਂ ਸੱਟ ਲੱਗਦੀ ਹੈ ਇਹ ਸਮਝਣਾ ਚਾਹੁੰਦੇ ਹਨ। ਇਸ ਨਾਲ ਉਹ ਸੱਟਾਂ ਨੂੰ ਰੋਕਣ ਵਿੱਚ ਮਦਦ ਕਰ ਸਕਦੇ ਹਨ। ਇਸ ਲਈ, ਉਹ ਮ੍ਰਿਤਕ ਸਰੀਰ ਕਿੰਨੀ ਸੱਟ ਸਹਿ ਸਕਦਾ ਹੈ ਇਹ ਸਮਝਣ ਲਈ ਨਿਯੰਤ੍ਰਿਤ ਟੈਸਟ ਕਰਦੇ ਹਨ। ਇਹਨਾਂ ਟੈਸਟਾਂ ਤੋਂ ਮਿਲੇ ਮਾਪ ਇੱਕ ਮਾਡਲ ਜਾਂ ਡਮੀ 'ਤੇ ਲਾਗੂ ਕਰਨ ਤੋਂ ਬਾਅਦ, ਵਿਗਿਆਨੀ ਸਾਨੂੰ ਸੁਰੱਖਿਅਤ ਰੱਖਣ ਵਾਲੇ ਸੁਰੱਖਿਆ ਗੀਅਰ (ਜਿਵੇਂ ਹੈਲਮਟ, ਸੀਟ ਬੈਲਟ) ਦੀ ਜਾਂਚ ਅਤੇ ਸੰਪੂਰਨਤਾ ਪਰਖਦੇ ਹਨ। ਅਸਲ ਸਰੀਰ ਦੀ ਵਰਤੋਂ ਕਾਰ ਦੀ ਸੀਟ ਬੈਲਟ ਜਾਂ ਟ੍ਰੇਨ ਦੀ ਸੀਟ ਨੂੰ ਵਧੇਰੇ ਸੁਰੱਖਿਅਤ ਕਰਨ ਵਿੱਚ ਮਦਦ ਕਰ ਸਕਦੀ ਹੈ। ਦਿਮਾਗ ਅਜਿਹੇ ਹੈਲਮਟ ਡਿਜ਼ਾਈਨ ਕਰਨ ਵਿੱਚ ਮਦਦ ਕਰ ਸਕਦਾ ਹੈ ਜਿਸ ਨਾਲ ਅਮਰੀਕਨ ਫੁੱਟਬਾਲ ਖਿਡਾਰੀਆਂ ਨੂੰ ਸਖ਼ਤ ਟੈਕਲ ਵਿੱਚ ਹੋਣ ਵਾਲੀ ਦਿਮਾਗੀ ਸੱਟ ਘੱਟ ਹੋਵੇਗੀ। ਇਸੇ ਤਰ੍ਹਾਂ, ਫੌਜੀ ਨੂੰ ਬੰਬ ਧਮਾਕੇ ਦੇ ਝਟਕੇ ਨਾਲ ਹੋਣ ਵਾਲੀ ਸੱਟ ਘਟਾਉਣ ਲਈ ਵੀ ਇਸਦੀ ਵਰਤੋਂ ਹੋ ਸਕਦੀ ਹੈ। ਜਦੋਂ ਇਹ ਖੋਜ ਪੂਰੀ ਹੋ ਜਾਂਦੀ ਹੈ, ਤਾਂ ਪਰਿਵਾਰ ਦੀ ਇੱਛਾ ਹੋਵੇ, ਤਾਂ ਮੇਰੀਆਂ ਦਾਹ ਕੀਤੀਆਂ ਗਈਆਂ ਅਸਥੀਆਂ ਲਈਆਂ ਜਾ ਸਕਦੀਆਂ ਹਨ। ਨਹੀਂ ਤਾਂ, ਦਾਨ ਦਾਤੇ ਨੂੰ ਹੋਰ ਬਿਨਾਂ ਦਾਅਵੇ ਵਾਲੇ ਦਾਨੀਆਂ ਨਾਲ ਇੱਕ ਸਮਾਰਕ ਫੱਟੀ ਰਾਹੀਂ, ਰੁੱਖ ਰਾਹੀਂ ਜਾਂ ਗੰਭੀਰ ਸਲਾਨਾ ਸਮਾਰੋਹ ਰਾਹੀਂ ਸਨਮਾਨਿਤ ਕੀਤਾ ਜਾ ਸਕਦਾ ਹੈ।

ਫੋਰੈਨਸਿਕ ਵਿਗਿਆਨੀ ਵੀ ਆਪਣੇ ਕੰਮ ਵਿੱਚ ਮ੍ਰਿਤਕ ਸਰੀਰ ਵਰਤਦੇ ਹਨ। ਕੁਝ ਯੂਨੀਵਰਸਿਟੀਆਂ ਦਾਨ ਕੀਤੇ ਸਰੀਰ ਲੈਂਦੀਆਂ ਹਨ ਅਤੇ ਉਨ੍ਹਾਂ ਨੂੰ ਜ਼ਮੀਨ ਵਿੱਚ ਦਬਾ ਦਿੰਦੀਆਂ ਹਨ ਜਾਂ ਕਿਸੇ ਸੁੰਨਸਾਨ ਜੰਗਲ ਵਿੱਚ ਰੱਖ ਦਿੰਦੀਆਂ ਹਨ। ਫਿਰ ਵਿਗਿਆਨੀ ਸਮਾਂ ਮਾਪਦੇ ਹਨ ਕਿ ਮੱਖੀਆਂ, ਡਰਮੇਸਟਿਡ ਬੀਟਲਜ਼ ਅਤੇ ਹੋਰ ਕੂੜਾ ਖਾਣ ਵਾਲੇ ਕੀੜੇ ਸਰੀਰਾਂ ਨੂੰ ਹੱਡੀਆਂ ਕਰਨ ਲਈ ਕਿੰਨਾ ਸਮਾਂ ਲੈਂਦੇ ਹਨ। ਇਹ ਇੱਕ ਕਿਸਮ ਦਾ ਵੱਖਰਾ ਪੁਨਰ-ਜਨਮ ਹੈ – ਇੱਕ ਖੇਤ ਜਾਂ ਜੰਗਲ ਦੇ ਪਰਿਸਥਿਤਕੀ ਤੰਤਰ ਦਾ ਹਿੱਸਾ ਬਣ ਜਾਣਾ। ਇਹ ਅੰਤ ਭਿਆਨਕ ਲੱਗ ਸਕਦਾ ਹੈ, ਪਰ ਇਸ ਪ੍ਰਕਿਰਿਆ ਤੋਂ ਮਿਲਿਆ ਡਾਟਾ ਫੋਰੈਨਸਿਕ ਖੋਜਕਰਤਾਵਾਂ ਨੂੰ ਕੋਈ ਵਿਅਕਤੀ ਕਦੋਂ ਮਰਿਆ ਅਤੇ ਉਸ ਨੂੰ ਕਿਹੜੀਆਂ ਸੱਟਾਂ ਲੱਗੀਆਂ ਹੋਣਗੀਆਂ ਇਹ ਪਛਾਣਨ ਵਿੱਚ ਮਦਦ ਕਰਦਾ ਹੈ। ਇਸ ਨਾਲ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਕਤਲ ਦੇ ਕੇਸ ਸੁਲਝਾਉਣ ਵਿੱਚ ਮਦਦ ਮਿਲਦੀ ਹੈ।

ਅਜਿਹੀ ਪ੍ਰਕਿਰਿਆ ਵਿੱਚ ਸਰੀਰ ਕਿਸੇ ਖਾਸ ਜੁਰਮ ਦੀ ਉਦਾਹਰਨ ਵਜੋਂ – ਜੰਗਲ ਵਿੱਚ ਲਟਕਾਇਆ ਹੋਇਆ, ਜਾਂ ਕਾਰ ਦੀ ਡਿੱਗੀ ਵਿੱਚ ਭਰਿਆ ਹੋਇਆ ਆਦਿ ਦ੍ਰਿਸ਼ ਦੀ ਮੁੜ-ਸਿਰਜਣਾ ਕਰਨ ਲਈ ਵਰਤਿਆ ਜਾ ਸਕਦਾ ਹੈ। ਇਸ ਨਾਲ ਕੇਸ ਸੁਲਝਾਉਣ ਜਾਂ ਕਿਸੇ ਪੁਲਿਸ ਵਾਲੇ ਨੂੰ ਕਾਤਲ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਵਿੱਚ ਮਦਦ ਮਿਲ ਸਕਦੀ ਹੈ। ਬਾਅਦ ਵਿੱਚ, ਪਿੰਜਰ ਫੋਰੈਨਸਿਕ ਸੰਗ੍ਰਹਿ ਵਿੱਚ ਇੱਕ ਡੱਬੇ ਵਿੱਚ ਆਰਾਮ ਕਰ ਸਕਦਾ ਹੈ, ਕਦੇ-ਕਦਾਈਂ ਹੱਡੀਆਂ ਦੀ ਉਮਰ ਵਧਣ 'ਤੇ ਖੋਜ ਦੇ ਰੂਪ ਵਿੱਚ ਜਿਉਂਦਾ ਰਹਿ ਸਕਦਾ ਹੈ।

ਪਰ ਸੰਪੂਰਨ ਸਰੀਰ ਦਾਨ ਲਈ ਇੱਕ ਹੋਰ ਵਿਕਲਪ ਹੈ, ਜੋ ਡਾਕਟਰੀ ਸਿਖਲਾਈ ਦੀ ਇੱਕ ਲੰਮੀ ਪਰੰਪਰਾ ਹੈ ਅਤੇ ਮੇਰੇ ਲਈ ਵਧੇਰੇ ਉਚਿਤ ਲੱਗਦਾ ਹੈ। ਹਰ ਪਹਿਲੇ ਸਾਲ ਦੇ ਡਾਕਟਰੀ ਵਿਦਿਆਰਥੀ ਨੂੰ 'ਗਰਾਸ ਐਨਾਟੋਮੀ' ਨਾਮ ਦਾ ਕੋਰਸ ਕਰਨਾ ਪੈਂਦਾ ਹੈ, ਜਿਸ ਵਿੱਚ ਉਹ ਮਨੁੱਖੀ ਮ੍ਰਿਤਕ ਸਰੀਰ ਦਾ ਚੀਰ-ਫਾੜ ਕਰਦੇ ਹਨ। ਇਹ ਉਨ੍ਹਾਂ ਦਾ ਪਹਿਲਾ ਮਰੀਜ਼ ਹੁੰਦਾ ਹੈ। ਸ਼ਾਇਦ ਇਹ ਉਨ੍ਹਾਂ ਦੁਆਰਾ ਕਦੇ ਦੇਖਿਆ ਜਾਂ ਛੋਹਿਆ ਗਿਆ ਪਹਿਲਾ ਮ੍ਰਿਤਕ ਸਰੀਰ ਹੋ ਸਕਦਾ ਹੈ। ਜਦੋਂ ਉਹ ਗਰਾਸ ਐਨਾਟੋਮੀ ਕਮਰੇ ਵਿੱਚ ਦਾਖਲ ਹੁੰਦੇ ਹਨ, ਤਾਂ ਉਨ੍ਹਾਂ ਨੂੰ ਵੱਖ-ਵੱਖ ਮ੍ਰਿਤਕ ਸਰੀਰ ਦਿਸਦੇ ਹਨ – ਜਿਨ੍ਹਾਂ ਵਿੱਚੋਂ ਹਰ ਇੱਕ ਮਨੁੱਖੀ ਆਕਾਰ ਹੈਰਾਨ ਕਰ ਦੇਣ ਵਾਲੀ ਵਿਭਿੰਨਤਾ ਦੀ ਉਦਾਹਰਣ ਹੁੰਦਾ ਹੈ। ਡਾਕਟਰੀ ਵਿਦਿਆਰਥੀ ਅਤੇ ਉਸਦੇ ਪਹਿਲੇ ਮ੍ਰਿਤਕ ਸਰੀਰ ਵਿਚਕਾਰ ਰਿਸ਼ਤਾ ਖਾਸ ਹੁੰਦਾ ਹੈ। ਮ੍ਰਿਤਕ ਸਰੀਰ ਵਿਦਿਆਰਥੀ ਨੂੰ ਉਹ ਗਿਆਨ ਦਿੰਦਾ ਹੈ ਜੋ ਹੋਰ ਤਰ੍ਹਾਂ ਨਹੀਂ ਮਿਲ ਸਕਦਾ; ਵਿਦਿਆਰਥੀ ਇਸ ਦੇਣ ਲਈ ਹੈਰਾਨ ਅਤੇ ਧੰਨਵਾਦੀ ਹੁੰਦਾ ਹੈ। ਡਾਕਟਰ ਇੰਝ ਮੰਨਦੇ ਹਨ।

ਸਰੀਰ ਭਵਿੱਖ ਦੇ ਡਾਕਟਰਾਂ ਨੂੰ ਸਪਾਈਨਲ ਟੈਪ ਲਗਾਉਣ ਜਾਂ ਅਪੈਂਡਿਸਾਈਟਿਸ ਨੂੰ ਰੱਦ ਕਰਨ ਲਈ ਜ਼ਰੂਰੀ ਸਰੀਰਕ ਚਿੰਨ੍ਹ ਸਿਖਾ ਸਕਦਾ ਹੈ। ਇੱਕ ਸਰਜਨ ਮੇਰੇ ਹੱਥ ਦੀਆਂ ਨਾਜ਼ੁਕ ਨਸਾਂ ਦੀ ਚੀਰ-ਫਾੜ ਕਰਨੀ ਸਿੱਖ ਸਕਦਾ ਹੈ। ਜਾਂ, ਸ਼ਾਇਦ, ਇੱਕ ਪੈਥੋਲੋਜਿਸਟ ਮੌਤ ਤੋਂ ਪਹਿਲਾਂ ਅਤੇ ਮੌਤ ਤੋਂ ਬਾਅਦ ਦੇ ਖੂਨ ਦੇ ਥੱਕੇ ਵਿੱਚ ਫਰਕ ਮਹਿਸੂਸ ਕਰ ਸਕੇ।

ਰੀਲਾਂ ਅਤੇ ਸੋਸ਼ਲ ਮੀਡੀਆ ਦੇ ਇਸ ਯੁੱਗ ਵਿੱਚ, ਪਲ-ਭਰ ਦੀ ਮਸ਼ਹੂਰੀ ਲਈ ਨੈਤਿਕਤਾ ਦੀ ਬਲੀ ਚੜ੍ਹਾਉਣ ਦੀ ਮਾਨਸਿਕਤਾ ਵਧ ਗਈ ਹੈ। ਡਾ. ਆਸ਼ਾ ਕਦਮ ਦਾ ਇਹ ਡਰ ਸੱਚ ਹੈ ਕਿ, "ਰੀਲ ਦੇ ਚੱਕਰ ਵਿੱਚ ਸਾਡੀ ਅਗਲੀ ਪੀੜ੍ਹੀ ਕੁਝ ਗਲਤ-ਗੈਰਜ਼ਿੰਮੇਵਾਰ ਤਾਂ ਨਹੀਂ ਬੋਲ ਰਹੀ, ਦੇਖ ਤਾਂ ਨਹੀਂ ਰਹੀ, ਜਾਂ ਫਾਲੋ ਤਾਂ ਨਹੀਂ ਕਰ ਰਹੀ, ਇਹ ਦੇਖਣ ਦੀ ਜ਼ਿੰਮੇਵਾਰੀ ਸਾਡੀ ਹੀ ਹੈ।" ਇਸ ਪਿਛੋਕੜ ਵਿੱਚ, ਸਰੀਰ ਦਾਨ ਦਾ ਸੰਕਲਪ ਕਰਨਾ ਸਿਰਫ ਇੱਕ ਵਿਅਕਤੀ ਦਾ ਫੈਸਲਾ ਨਹੀਂ, ਸਗੋਂ ਇਹ ਇੱਕ ਸਮਾਜਿਕ ਬਿਆਨ ਹੈ — ਕਿ ਅਸੀਂ ਗਿਆਨ ਨੂੰ, ਸੇਵਾ ਨੂੰ ਅਤੇ ਮਨੁੱਖਤਾ ਨੂੰ ਸਰਵਉੱਚ ਸਥਾਨ ਦਿੰਦੇ ਹਾਂ। "ਮਰੋ ਪਰ ਕੀਰਤੀ ਰੂਪ 'ਚ ਰਹੋ" ਇਸ ਉਕਤੀ ਨੂੰ ਸੱਚੇ ਅਰਥਾਂ ਵਿੱਚ ਸਾਰਥਕ ਕਰਨ ਵਾਲਾ ਇਹ ਅੰਦੋਲਨ ਹੈ। ਮੌਤ ਜੀਵਨ ਦਾ ਅੰਤ ਨਹੀਂ, ਸਗੋਂ ਸਰੀਰ ਦਾਨ ਰਾਹੀਂ ਉਹ ਇੱਕ ਨਵੀਂ, ਨਿਰੰਤਰ ਸੇਵਾ ਅਤੇ ਗਿਆਨ-ਪ੍ਰਵਾਹ ਦਾ ਆਰੰਭ-ਬਿੰਦੂ ਬਣਦੀ ਹੈ। ਲੋਕ ਆਪਣੀ ਮੌਤ ਨਾਲ ਜਿਉਂਦਿਆਂ ਦੀ ਮਦਦ ਕਰ ਸਕਦੇ ਹਨ। ਉਦਾਸੀਨਤਾ, ਆਲਸ, ਅਗਿਆਨਤਾ ਅਤੇ ਅੰਧਵਿਸ਼ਵਾਸਾਂ ਦੀ ਮਾਨਸਿਕ ਬਲੀ ਦੇ ਕੇ, ਸਾਨੂੰ ਸਾਰਿਆਂ ਨੂੰ ਇਸ ਗਿਆਨ ਦਾਨ ਦੀ ਪਵਿੱਤਰ ਰਾਹ 'ਤੇ ਪੈਰ ਰੱਖਣਾ ਚਾਹੀਦਾ ਹੈ। ਕਿਉਂਕਿ, ਸਾਡਾ ਸਰੀਰ ਮਿੱਟੀ ਵਿੱਚ ਮਿਲ ਜਾਣ ਜਾਂ ਸੁਆਹ ਹੋ ਜਾਣ ਦੀ ਬਜਾਏ, ਕਿਸੇ ਦੇ ਗਿਆਨ ਦਾ ਚਾਨਣ ਬਣ ਜਾਵੇ, ਤਾਂ ਉਸ ਤੋਂ ਵੱਡਾ ਕੰਮ ਹੋਰ ਕੋਈ ਨਹੀਂ ਹੋ ਸਕਦਾ।